# ਸ਼ੁੱਧ ਨਾਨਕਸ਼ਾਹੀ ਕੈਲੰਡਰ

## ਸੰਮਤ ੫੪੬ (ਈਸਵੀ ੨੦੧੪-੧੫)

ਨੋਟ: ਇਹ ਕੈਲੰਡਰ ਤਕਨੀਕੀ ਤੌਰ 'ਤੇ (ਮਹੀਨਿਆਂ, ਦਿਨਾਂ ਦੀ ਗਿਣਤੀ ਆਦਿ ਪੱਖੋਂ) ਡਾ. ਪਾਲ ਸਿੰਘ ਜੀ ਪੁਰੇਵਾਲ ਵਲੋਂ ਮੌਸਮ ਅਨੁਸਾਰੀ ਤਿਆਰ ਕੀਤੇ "ਨਾਨਕਸ਼ਾਹੀ ਕੈਲੰਡਰ" 'ਤੇ ਹੀ ਅਧਾਰਿਤ ਹੈ। ਇਸ ਲਈ ਅਸੀਂ ਉਨ੍ਹਾਂ ਦੇ ਤਹਿ ਦਿਲੋਂ ਧੰਨਵਾਦੀ ਹਾਂ।

## ਨਾਨਕਸ਼ਾਹੀ ਕੈਲੰਡਰ ਦੀ ਪ੍ਰਸੰਗਕਿਤਾ

ਕੈਲੰਡਰ ਇਤਿਹਾਸ ਵਿਚ ਕਿਸੇ ਐਸੇ ਦੌਰ ਦਾ ਜ਼ਾਮਨ ਹੁੰਦਾ ਹੈ ਜਿਸ ਦੌਰਾਨ ਸਮਾਜ ਵਿਚ ਕਿਸੇ ਯੁਗ-ਪੁਰਸ਼ ਵਲੋਂ ਬਹੁਪੱਖੀ ਬਦਲਾਅ ਦਾ ਮੂਲ ਆਧਾਰ ਤਿਆਰ ਹੁੰਦਾ ਹੈ। ਈਸਵੀ, ਹਿਜਰੀ ਅਤੇ ਬਿਕਰਮੀ ਆਦਿ ਕੈਲੰਡਰ ਇਸ ਹਕੀਕਤ ਦੇ ਗਵਾਹ ਹਨ। ਬਾਬਾ ਨਾਨਕ ਜੀ ਇਕ ਲਾਸਾਨੀ ਯੁਗਪੁਰਸ਼ ਸਨ, ਜਿਨ੍ਹਾਂ ਦਾ ਜਨਮ ਅਤੇ ਜੀਵਨ ਧਰਮ ਦੇ ਸੰਦਰਭ ਵਿਚ ਸਾਮਾਜਿਕ ਚੇਤਨਾ ਦੇ ਹਾਂ-ਪੱਖੀ ਵਿਕਾਸ ਲਈ ਕ੍ਰਾਂਤੀਕਾਰੀ ਅਤੇ ਠੋਸ ਆਧਾਰ ਪੈਦਾ ਕਰਨ ਦਾ ਦੌਰ ਸੀ। ਨਾਨਕਸ਼ਾਹੀ ਕੈਲੰਡਰ ਮਾਨਵਤਾ ਦੇ ਇਤਿਹਾਸ ਵਿਚ ਯੁਗ-ਪੁਰਸ਼ ਬਾਬਾ ਨਾਨਕ ਜੀ ਦੇ ਨਿ-ਸੁਆਰਥ ਅਤੇ ਇਨਕਲਾਬੀ ਯੋਗਦਾਨ ਦੀ ਠੋਸ ਗਵਾਹੀ ਹਮੇਸ਼ਾਂ ਭਰਦਾ ਰਹੇਗਾ। ਬੇਸ਼ਕ ਬਾਬਾ ਨਾਨਕ ਜੀ ਵਲੋਂ ਪ੍ਰਕਟ ਕੀਤੀ ਗੁਰਮਤਿ ਵਿਚਾਰਧਾਰਾ ਹੀ ਇਕੋ ਇਕ ਐਸਾ ਫਲਸਫਾ ਹੈ ਜੋ ਮਨੁੱਖ ਨੂੰ ਸਰਬਪੱਖੀ ਗੁਲਾਮੀ ਤੋਂ ਆਜ਼ਾਦ ਹੋ ਕੇ, ਵਿਤਕਰੇ-ਰਹਿਤ ਸਾਂਝੇ ਸਮਾਜ ਦੀ ਸਥਾਪਨਾ ਕਰਨ ਦੇ ਸਮਰੱਥ ਬਣਾਉਂਦਿਆਂ ਅਤੇ ਬ੍ਰਹਿਮੰਡੀ ਏਕਤਾ ਦਾ ਜ਼ਾਮਨ ਹੈ। ਅੱਗਲੇ ਸਫ਼ਿਆਂ 'ਤੇ ਦਿਤਾ ਸੰਖੇਪ ਤੁਲਨਾਤਮਕ ਵਿਸ਼ਲੇਸ਼ਣ ਇਸ ਸੱਚ ਦੀ ਪੁਸ਼ਟੀ ਕਰਦਾ ਹੈ।

## ਵੈਸਾਖ (ਸੰਮਤ ੫੪੬) ਅਪ੍ਰੈਲ-ਮਈ (2014)

| ਸੋਮਵਾਰ<br>MONDAY | ਮੰਗਲਵਾਰ<br>TUESDAY | ਬੁਧਵਾਰ<br>WEDNESDAY | ਵੀਰਵਾਰ<br>THURSDAY | ਸ਼ੁਕਰਵਾਰ<br>FRIDAY | ਸ਼ਨੀਵਾਰ<br>SATURDAY | ਐਤਵਾਰ<br>SUNDAY |
|---|---|---|---|---|---|---|
| ੧ ਵੈਸਾਖ<br>ਗੁਰਮਤਿ ਇਨਕਲਾਬ ਪੁਰਬ<br>APRIL 14 | ੨ ਵੈਸਾਖ<br>APRIL 15 | ੩ ਵੈਸਾਖ<br>APRIL 16 | ੪ ਵੈਸਾਖ<br>APRIL 17 | ੫ ਵੈਸਾਖ<br>APRIL 18 | ੬ ਵੈਸਾਖ<br>APRIL 19 | ੭ ਵੈਸਾਖ<br>APRIL 20 |
| ੮ ਵੈਸਾਖ<br>APRIL 21 | ੯ ਵੈਸਾਖ<br>APRIL 22 | ੧੦ ਵੈਸਾਖ<br>APRIL 23 | ੧੧ ਵੈਸਾਖ<br>APRIL 24 | ੧੨ ਵੈਸਾਖ<br>APRIL 25 | ੧੩ ਵੈਸਾਖ<br>APRIL 26 | ੧੪ ਵੈਸਾਖ<br>APRIL 27 |
| ੧੫ ਵੈਸਾਖ<br>APRIL 28 | ੧੬ ਵੈਸਾਖ<br>APRIL 29 | ੧੭ ਵੈਸਾਖ<br>APRIL 30 | ੧੮ ਵੈਸਾਖ<br>MAY 1 | ੧੯ ਵੈਸਾਖ<br>MAY 2 | ੨੦ ਵੈਸਾਖ<br>MAY 3 | ੨੧ ਵੈਸਾਖ<br>MAY 4 |
| ੨੨ ਵੈਸਾਖ<br>MAY 5 | ੨੩ ਵੈਸਾਖ<br>MAY 6 | ੨੪ ਵੈਸਾਖ<br>MAY 7 | ੨੫ ਵੈਸਾਖ<br>MAY 8 | ੨੬ ਵੈਸਾਖ<br>MAY 9 | ੨੭ ਵੈਸਾਖ<br>MAY 10 | ੨੮ ਵੈਸਾਖ<br>MAY 11 |
| ੨੯ ਵੈਸਾਖ<br>MAY 12 | ੩੦ ਵੈਸਾਖ<br>MAY 13 | ੩੧ ਵੈਸਾਖ<br>MAY 14 | | | | |

### ਸਿੱਖ ਇਤਿਹਾਸ ਦੇ ਪ੍ਰਮੁੱਖ ਦਿਹਾੜੇ

ਜਨਮ ਦਿਵਸ ਪਾ: ੧ - ੧ ਵੈਸਾਖ (14 April)
ਜੋਤੀ ਜੋਤ ਦਿਵਸ ਪਾ: ੨ ਅਤੇ ੮ - ੩ ਵੈਸਾਖ (16 April)
ਉਤਰਾਧਿਕਾਰ ਦਿਵਸ ਪਾ: ੩ ਅਤੇ ੮ - ੫ ਵੈਸਾਖ (18April)
ਜਨਮ ਦਿਵਸ ਪਾ: ੨ - ੫ ਵੈਸਾਖ (18 April)

### ਗੁਰਮਤਿ ਇਨਕਲਾਬ ਪੁਰਬ

ਪਹਿਲਾ ਪੁਰਬ :- ਗੁਰਮਤਿ ਇਨਕਲਾਬ ਪੁਰਬ - (੧ ਵੈਸਾਖ) (14 April)
ਬਾਬਾ ਨਾਨਕ ਜੀ ਸਮੇਤ ਗੁਰਮਤਿ ਇਨਕਲਾਬ ਦੇ ਦੱਸ ਰਹਿਬਰਾਂ ਨੂੰ ਸਮਰਪਿਤ ਸਾਂਝਾ ਪੁਰਬ (ਗੁਰਮਤਿ ਜੀਵਨ ਸੇਧਾਂ ਅਨੁਸਾਰ)

### International days for humanity

International Mother Earth Day - 22 April (੯ ਵੈਸਾਖ)
World Day For Safety and Health at Work (ILO) - 28 April (੧੫ ਵੈਸਾਖ)
World Labour Day - 1 May (੧੯ ਵੈਸਾਖ)
World Press Freedom Day - 3 May (੨੧ ਵੈਸਾਖ)
World Migratory Bird Days - 11- 12 May (੨੮-੨੯ ਵੈਸਾਖ)

### ਤੱਤ ਗੁਰਮਤਿ ਪ੍ਰਕਾਸ਼ਨ
(ਤੱਤ ਗੁਰਮਤਿ ਪਰਿਵਾਰ ਵਲੋਂ ਪ੍ਰਕਾਸ਼ਤ ਪੁਸਤਕਾਂ)

੧. ਮਨਮੱਤ ਤੋਂ ਗੁਰਮਤਿ ਵੱਲ ਵਾਪਸੀ ਦਾ ਸਫਰ ਭਾਗ-੧
੨. ਆਸਾ ਕੀ ਵਾਰ - ਸਰਲ ਵਿਆਖਿਆ ਅਤੇ ਪੜਚੋਲ
੩. ਪੰਥ ਪ੍ਰਵਾਨਿਕਤਾ ਦੇ ਨਾਮ 'ਤੇ ਗੁਰਮਤਿ ਸਿਧਾਂਤਾਂ ਦੀ ਬਲੀ ਕਿਉਂ?
੪. ਗੁਰਮਤਿ ਜੀਵਨ ਸੇਧਾਂ (ਮੁੱਖ ਨੁਕਤੇ)
੫. ਇਕ ਗੁਰਸਿੱਖ ਦੀ ਵਸੀਅਤ (ਕੈਲੰਡਰ ਰੂਪ)
੬. ਸ਼ੁੱਧ ਨਾਨਕਸ਼ਾਹੀ ਕੈਲੰਡਰ (ਸੰਮਤ ੫੪੬)

## "ਮੂਲ ਨਾਨਕਸ਼ਾਹੀ ਕੈਲੰਡਰ ਬਨਾਮ ਸ਼ੁੱਧ ਨਾਨਕਸ਼ਾਹੀ ਕੈਲੰਡਰ"

ਬਾਬਾ ਨਾਨਕ ਜੀ ਹਮੇਸ਼ਾਂ ਸ਼ੁੱਧਤਾ ਦੇ ਮੁੱਦਈ ਅਤੇ ਸਮਝੌਤਾਵਾਦੀ ਪਹੁੰਚ ਦੇ ਖਿਲਾਫ ਰਹੇ। ਉਨ੍ਹਾਂ ਨੇ ਹਰ ਖੇਤਰ ਵਿਚ ਗਲਤ ਮਾਨਤਾਵਾਂ ਅਤੇ ਪਰੰਪਰਾਵਾਂ ਨੂੰ ਸਿਰੇ ਤੋਂ ਡੰਕੇ ਦੀ ਚੋਟ ਤੇ ਨਕਾਰਿਆ। ਸੱਚ ਪੇਸ਼ ਕਰਦਿਆਂ ਉਨ੍ਹਾਂ ਇਹ ਪ੍ਰਵਾਹ ਨਹੀਂ ਕੀਤੀ ਕਿ ਇਸ ਸੱਚ ਨਾਲ ਤੁਰਨ ਲਈ ਕਿਤਨੇ ਲੋਕ ਤਿਆਰ ਹੋਣਗੇ। ਅਫਸੋਸ! ਸਿੱਖਾਂ ਨੇ ਠੋਸ ਕੌਮੀ ਫੈਸਲੇ ਲੈਣ ਵੇਲੇ ਹਮੇਸ਼ਾਂ ਹੀ ਨਾਨਕ ਪਾਤਸ਼ਾਹ ਦੀ ਇਸ ਸੇਧ ਨੂੰ ਪਿੱਠ ਵਿਖਾਉਂਦਿਆਂ, ਵੱਖ ਵੱਖ ਧਿਰਾਂ ਨੂੰ ਖੁਸ਼ ਕਰਨ ਦੇ ਮਕਸਦ ਨਾਲ ਸਮਝੋਤਾਵਾਦੀ ਰੁੱਖ ਅਪਨਾਇਆ ਅਤੇ ਸਮਝਦਿਆਂ ਬੁਝਦਿਆਂ ਸੱਚ ਤੋਂ ਮੂੰਹ ਫੇਰ ਲਿਆ।

ਸਿੱਖ ਇਤਿਹਾਸ ਦੇ ਹੇਠ ਲਿਖੇ ਵਾਕਿਆਤ ਇਸ ਗਲਤ ਪਹੁੰਚ ਦੇ ਗਵਾਹ ਹਨ:

੧. ਬਚਿਤ੍ਰ ਨਾਟਕ (ਅਖੌਤੀ ਦਸਮ ਗ੍ਰੰਥ) ਅੱਜ ਪੰਥ ਦੇ ਗਲੇ ਦੀ ਹੱਡੀ ਬਣਿਆ ਹੋਇਆ ਹੈ ਅਤੇ ਪੰਥ ਵਿਚ ਫੁੱਟ ਦਾ ਇਕ ਸਭ ਤੋਂ ਵੱਡਾ ਕਾਰਨ ਹੈ। ਇਤਿਹਾਸ ਦੱਸਦਾ ਹੈ ਕਿ ਇਸ ਦੀ ਕਾਇਮੀ ਵੇਲੇ ਗੁਰਮਤਿ ਬਿਬੇਕ ਆਧਾਰਿਤ ਵਿਚਾਰ ਦੀ ਥਾਂ ਸੁੱਖਾ ਸਿੰਘ-ਮਹਿਤਾਬ ਸਿੰਘ ਵਲੋਂ ਮੱਸਾ ਰੰਗੜ ਨੂੰ ਕਤਲ ਕਰਨ ਜਾਂ ਨਾ ਕਰਨ ਰੂਪੀ ਭਾਗ-ਵਾਦੀ ਸ਼ਰਤ ਰਾਹੀਂ ਫੈਸਲਾ ਕੀਤਾ ਗਿਆ।

੨. ਇਤਿਹਾਸ ਵਿਚ ਇਹ ਵੀ ਜ਼ਿਕਰ ਮਿਲਦਾ ਹੈ ਕਿ ਰਾਗਮਾਲਾ ਨੂੰ 'ਸ਼ਬਦ ਗੁਰੂ ਗ੍ਰੰਥ ਸਾਹਿਬ ਜੀ' ਦੇ ਸਰੂਪ ਵਿਚ ਕਾਇਮ ਰੱਖਣ/ਨਾ ਰੱਖਣ ਦਾ ਫੈਸਲਾ ਵੀ ਗੁਰਮਤਿ ਬਿਬੇਕ ਆਧਾਰਿਤ ਵਿਚਾਰ ਦੀ ਥਾਂ ਸਰੋਵਰ ਵਿਚ ਪਰਚੀਆਂ ਪਾਉਣ ਰੂਪੀ ਭਾਗ-ਵਾਦੀ ਤਰੀਕੇ ਨਾਲ ਕੀਤਾ ਗਿਆ।

੩. ਸਿੱਖ ਰਹਿਤ ਮਰਿਯਾਦਾ ਵੀ ਥਾਂ-ਥਾਂ ਸਿਧਾਂਤਕ ਦ੍ਰਿੜਤਾ ਦੀ ਥਾਂ ਪੰਥ ਦੇ ਸਮਝੌਤਾਵਾਦੀ ਰੁੱਖ ਦੀ ਹੀ ਗਵਾਹੀ ਭਰਦੀ ਹੈ। ਮਿਸਾਲ ਲਈ:

ਪਾਠ ਦੇ ਭੋਗ ਵਾਲੀ ਮਦ ਵਿਚ ਦਰਜ ਹੈ ਕਿ ਭੋਗ ਰਾਗਮਾਲਾ ਪੜ੍ਹ ਕੇ ਜਾਂ ਬਿਨਾ ਪੜ੍ਹੇ ਸਥਾਨਕ ਰੀਤ ਅਨੁਸਾਰ ਪਾਇਆ ਜਾਵੇ। ਭਾਵ ਜਿਸਦਾ ਦਿਲ ਕਰਦਾ ਹੈ ਪੜੇ, ਜਿਸਦਾ ਦਿਲ ਨਹੀਂ ਕਰਦਾ ਨਾ ਪੜ੍ਹੇ।

ਮ੍ਰਿਤਕ ਪ੍ਰਾਣੀ ਸਮਾਗਮ ਸੰਬੰਧੀ ਵੀ ਦਰਜ ਹੈ ਕਿ ਸਮਾਗਮ/ਭੋਗ 'ਦਸਵੇਂ' ਵਾਲੇ ਦਿਨ ਰੱਖਿਆ ਜਾਵੇ। ਨਾਲ ਹੀ ਦਰਜ਼ ਕਰ ਦਿਤਾ ਕਿ ਇਸ ਸੰਬੰਧੀ ਕੋਈ ਭਰਮ ਨਾ ਕੀਤਾ ਜਾਵੇ ਅਤੇ ਨਿਕਟ ਸੰਬੰਧੀਆਂ ਦੀ ਸਹੂਲਤ ਨੂੰ ਵੇਖ ਕੇ ਕੋਈ ਵੀ ਦਿਨ ਮੁਕੱਰਰ ਕਰ ਲਿਆ ਜਾਵੇ। ਜੇ ਭਰਮ ਨਹੀਂ ਕਰਨਾ ਸੀ ਤਾਂ ਫੇਰ ਦਸਵੇਂ ਦਾ ਰੇੜਕਾ ਹੀ ਕਿਉਂ ਪਾਇਆ?

ਅਨੰਦ ਸੰਸਕਾਰ ਦੇ ਸਿਰਲੇਖ ਹੇਠ ਦਰਜ ਹੈ * ਕੁੜਮਾਈ ਦੀ ਰਸਮ ਜ਼ਰੂਰੀ ਨਹੀਂ ਪਰ ਜੇ ਕਰਨੀ ਹੋਵੇ ਤਾਂ.....* । ਇਥੇ ਵੀ ਦੁਬਿਧਾ, ਜ਼ਰੂਰੀ ਨਹੀਂ ਤਾਂ ਫੇਰ 'ਜੇ' ਲਾਉਣ ਦੀ ਕੀ ਲੋੜ ਸੀ।

ਐਸੀ ਦੁਬਿਧਾ ਅਤੇ ਸਮਝੌਤਾਵਾਦੀ ਰੁੱਖ ਹੋਰ ਵੀ ਕਈਂ ਥਾਂ ਵੇਖਿਆ ਜਾ ਸਕਦਾ ਹੈ।

ਬਾਬਾ ਨਾਨਕ ਜੀ ਨੂੰ ਸਮਰਪਿਤ ਹੋਣ ਦਾ ਦਾਅਵਾ ਤਿਆਰ ਕਰਕੇ ਪ੍ਰਵਾਨ ਕੀਤੇ ਗਏ 'ਮੂਲ ਨਾਨਕਸ਼ਾਹੀ ਕੈਲੰਡਰ' ਦੀ ਕਾਇਮੀ ਵੇਲੇ ਵੀ ਉਹ ਦੁਬਿਧਾ ਅਤੇ ਸਮਝੌਤਾਵਾਦੀ ਰੁੱਖ ਅਪਨਾਇਆ ਗਿਆ ਜਿਸ ਦਾ ਨਾਨਕ ਵਿਰੋਧ ਕਰਦੇ ਸੀ। ਇਸ ਮੌਕੇ ਕਈਂ ਵਿਦਵਾਨਾਂ ਨੇ ਜਾਣਦਿਆਂ ਬੁਝਦਿਆਂ ਇਸ ਵਿਚ ਹੇਠ ਲਿਖੀਆਂ ਉਣਤਾਈਆਂ ਨੂੰ ਇਸ ਲਈ ਪ੍ਰਵਾਨ ਕਰ ਲਿਆ ਤਾਂ ਜੋ ਸੰਪਰਦਾਈ ਧਿਰਾਂ ਨੂੰ ਖੁਸ਼ ਕਰਕੇ ਅਖੌਤੀ ਕੌਮੀ ਏਕਤਾ ਨੂੰ ਕਾਇਮ ਰੱਖਿਆ ਜਾ ਸਕੇ।

੧. ਬ੍ਰਾਹਮਣੀ ਥਿਤਾਂ ਵਾਰਾਂ ਦੀ ਹੋਂਦ: ਗੁਰਬਾਣੀ ਕੁਝ ਖਾਸ ਥਿਤਾਂ/ਦਿਹਾੜਿਆਂ ਨੂੰ ਪਵਿਤ੍ਰ ਮੰਨਣ ਦੇ ਵਹਿਮ ਨੂੰ ਰੱਦ ਕਰਦੇ ਹੋਏ ਸਮਝਾਉਂਦੀ ਹੈ।

'ਥਿਤੀ ਵਾਰ ਸੇਵਹਿ ਮੁਗਧ ਗਵਾਰ ॥' (੮੪੩) 'ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥' (੧੩੬)

ਪਰ ਗੁਰਮਤਿ ਇਨਕਲਾਬ ਦੇ ਮੁੱਢ ਦੇ ਜ਼ਾਮਨ ਪ੍ਰਚਾਰੇ ਜਾ ਰਹੇ ਨਾਨਕਸ਼ਾਹੀ ਕੈਲੰਡਰ ਵਿਚ ਬ੍ਰਾਹਮਣਵਾਦੀ ਥਿਤਾਂ/ਵਾਰਾਂ ਜਿਵੇਂ ਸੰਗਰਾਂਦ, ਮੱਸਿਆ, ਪੂਰਨਮਾਸ਼ੀ ਆਦਿ ਦੀ ਭਰਮਾਰ ਹੈ। (ਬਾਕੀ ਅਗਲੇ ਸਫ਼ੇ 'ਤੇ)

ਪ੍ਰਕਾਸ਼ਕ : ਤੱਤ ਗੁਰਮਤਿ ਪਰਿਵਾਰ
ਫਿਉਚਰ ਪੈਕ ਹਾਇਰ ਸੈਕੰਡਰੀ ਸਕੂਲ, (ਨਜ਼ਦੀਕ ਏਅਰਪੋਰਟ) ਗਾਡੀਗੜ ਅੱਪਰ, ਜੰਮੂ (ਜੰਮੂ ਅਤੇ ਕਸ਼ਮੀਰ)
www.tattgurmat.org Email: tatgurmat@gmail.com Designed By S.J.Singh

# ਸ਼ੁੱਧ ਨਾਨਕਸ਼ਾਹੀ ਕੈਲੰਡਰ

## ਸੰਮਤ ੫੪੬ (ਈਸਵੀ ੨੦੧੪-੧੫)

## ਧਰਮ ਦਾ ਸਰੂਪ

| | ਨਾਨਕ ਫਲਸਫੇ ਤੋਂ ਪਹਿਲਾਂ | | ਨਾਨਕ ਫਲਸਫੇ ਅਨੁਸਾਰ |
|---|---|---|---|
| ੧ | ਰੱਬ ਨੂੰ ਦੇਹਧਾਰੀ, ਮੂਰਤੀ, ਅਵਤਾਰ, ਜਾਨਵਰ ਆਦਿਕ ਅਕਾਰਾਂ ਰਾਹੀਂ ਸੀਮਿਤ ਅਤੇ ਹਾਸੋਹੀਣੇ ਰੂਪ ਵਿਚ ਸਵੀਕਾਰ ਕਰਨਾ। | ੧ | "ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ" ਵਰਗੇ ਰੱਬੀ ਗੁਣਾਂ ਦੇ ਨਿਵੇਕਲੇ ਸੰਕਲਪ ਰਾਹੀਂ ਉਸ ਅਨੰਤ, ਅਸੀਮ ਅਤੇ ਨਿਰ-ਆਕਾਰ ਸੱਚੇ ਸਰੂਪ ਬਾਰੇ ਲੋਕਾਈ ਨੂੰ ਰੁਸ਼ਨਾਸ ਕਰਨਾ। |
| ੨ | ਗ੍ਰਿਹਸਤ ਨੂੰ ਮਾੜਾ ਪ੍ਰਚਾਰਣ ਅਤੇ ਮੰਨਣ ਵਾਲੇ ਸਮਾਜਕ ਜਿੰਮੇਵਾਰੀਆਂ ਤੋਂ ਭਗੌੜੇ, ਕੁਦਰਤ ਦੇ ਮੁੱਢਲੇ ਅਸੂਲ 'ਗ੍ਰਿਹਸਤ' ਦੇ ਤਿਆਗੀਆਂ ਨੂੰ ਮਹਾਨ ਮੰਨਦਿਆਂ ਧਾਰਮਕ ਆਗੂ ਸਵੀਕਾਰ ਕਰਨਾ। | ੨ | ਸਮਾਜਿਕ ਜਿੰਮੇਵਾਰੀਆਂ ਅਤੇ ਚੁਣੌਤੀਆਂ ਨੂੰ ਸਵੀਕਾਰ ਕਰਦੇ ਹੋਏ ਸੰਜਮ ਅਤੇ ਇਮਾਨਦਾਰੀ ਨਾਲ ਗ੍ਰਿਹਸਤ ਨਿਭਾਉਣਾ। |

## ਜੇਠ (ਸੰਮਤ ੫੪੬) ਮਈ-ਜੂਨ (2014)

| ਸੋਮਵਾਰ MONDAY | ਮੰਗਲਵਾਰ TUESDAY | ਬੁਧਵਾਰ WEDNESDAY | ਵੀਰਵਾਰ THURSDAY | ਸ਼ੁਕਰਵਾਰ FRIDAY | ਸ਼ਨੀਵਾਰ SATURDAY | ਐਤਵਾਰ SUNDAY |
|---|---|---|---|---|---|---|
| | | | ੧ ਜੇਠ MAY 15 | ੨ ਜੇਠ MAY 16 | ੩ ਜੇਠ MAY 17 | ੪ ਜੇਠ MAY 18 |
| ੫ ਜੇਠ MAY 19 | ੬ ਜੇਠ MAY 20 | ੭ ਜੇਠ MAY 21 | ੮ ਜੇਠ MAY 22 | ੯ ਜੇਠ MAY 23 | ੧੦ ਜੇਠ MAY 24 | ੧੧ ਜੇਠ MAY 25 |
| ੧੨ ਜੇਠ MAY 26 | ੧੩ ਜੇਠ MAY 27 | ੧੪ ਜੇਠ MAY 28 | ੧੫ ਜੇਠ MAY 29 | ੧੬ ਜੇਠ MAY 30 | ੧੭ ਜੇਠ MAY 31 | ੧੮ ਜੇਠ JUNE 1 |
| ੧੯ ਜੇਠ JUNE 2 | ੨੦ ਜੇਠ JUNE 3 | ੨੧ ਜੇਠ JUNE 4 | ੨੨ ਜੇਠ JUNE 5 | ੨੩ ਜੇਠ JUNE 6 | ੨੪ ਜੇਠ JUNE 7 | ੨੫ ਜੇਠ JUNE 8 |
| ੨੬ ਜੇਠ JUNE 9 | ੨੭ ਜੇਠ JUNE 10 | ੨੮ ਜੇਠ JUNE 11 | ੨੯ ਜੇਠ JUNE 12 | ੩੦ ਜੇਠ JUNE 13 | ੩੧ ਜੇਠ JUNE 14 | |

### ਸਿੱਖ ਇਤਿਹਾਸ ਦੇ ਪ੍ਰਮੁੱਖ ਦਿਹਾੜੇ

ਛੋਟਾ ਘੱਲੂਘਾਰਾ ਦਿਵਸ - ੩ ਜੇਠ (17 MAY)
ਜਨਮ ਦਿਨ ਪਾ: ੩ - ੯ ਜੇਠ (23 MAY)
੧੯੮੪ ਘੱਲੂਘਾਰਾ ਦਿਵਸ - ੨੧ ਜੇਠ (4 JUNE)

### International days for humanity

IInternational Day of Families - 15 May (੧ ਜੇਠ)
World No Tobbaco Day - 31 May (੧੭ ਜੇਠ)
Global Day of Parents - 01 Jun (੧੮ ਜੇਠ)
World Environment Day - 05 Jun (੨੨ ਜੇਠ)
World Day Against Child Labour - 12 Jun (੨੯ ਜੇਠ)
World Blood Donor Day - 14 Jun (੩੧ ਜੇਠ)

### ਪੰਥ ਦੇ ਸੁਚੇਤ ਤਬਕੇ ਨਾਲ ਜੁੜੀਆਂ ਕੁਝ ਵੈਬਸਾਈਟਾਂ

www.tatgurmat.org
www.sikhmarg.com
www.thekhalsa.org
www.gurupanth.com
www.khalsanews.org
www.thesikhaffairs.org
www.dailysikhnews.com
www.singhsabhausa.com
www.thelivingtreasure.org
www.rozanaspokesman.com
www.singhsabhacanada.com

੨. ਬਾਬਾ ਨਾਨਕ ਦੇ ਪ੍ਰਕਾਸ਼ ਪੁਰਬ ਦਾ ਗਲਤ ਦਰਜ ਹੋਣਾ: ਬਹੁਤ ਦਿਲਚਸਪ ਅਤੇ ਅਫਸੋਸਜਨਕ ਗੱਲ ਹੈ ਕਿ ਨਾਨਕਸ਼ਾਹੀ ਕੈਲੰਡਰ ਜਿਸ ਘਟਨਾ (ਬਾਬਾ ਨਾਨਕ ਦਾ ਜਨਮ) ਨੂੰ ਸਮਰਪਿਤ ਹੈ, ਉਸੇ ਘਟਨਾ ਦੀ ਤਾਰੀਖ ਨਾਨਕਸ਼ਾਹੀ ਕੈਲੰਡਰ ਵਿਚ ਗਲਤ ਦਰਜ ਹੈ। ਸ਼੍ਰੋਮਣੀ ਕਮੇਟੀ ਸਮੇਤ ਬਹੁਤੇ ਇਤਿਹਾਸਕਾਰਾਂ ਦਾ ਇਹ ਮੱਤ ਹੈ ਕਿ ਬਾਬਾ ਨਾਨਕ ਜੀ ਦਾ ਜਨਮ ਵੈਸਾਖ ਵਿਚ ਹੋਇਆ ਸੀ।

ਪਰ ਪੰਥ ਵਿਚ ਨਿਰਮਲੇ/ਉਦਾਸੀਆਂ ਦੇ ਨਾਮ ਹੇਠ ਕਾਬਜ਼ ਹੋਈ ਬ੍ਰਾਹਮਣ ਪੁਜਾਰੀ ਸ਼੍ਰੇਣੀ ਦੇ ਪ੍ਰਭਾਵ ਹੇਠ ਕਿਸੇ ਸਮੇਂ ਇਹ 'ਪ੍ਰਕਾਸ਼ ਪੁਰਬ' ਕੱਤਕ ਵਿਚ ਮਨਾਉਣ ਦੀ ਗਲਤ ਰਵਾਇਤ ਸ਼ੁਰੂ ਹੋ ਗਈ। ਮਸ਼ਹੂਰ ਇਤਿਹਾਸਕਾਰ ਕਰਮ ਸਿੰਘ ਜੀ ਹਿਸਟੋਰੀਅਨ ਨੇ ਤਾਂ ਖੋਜ ਉਪਰੰਤ ਇਸ ਵਿਸ਼ੇ 'ਤੇ ਇਕ ਪੁਸਤਕ 'ਕੱਤਕ ਕਿ ਵੈਸਾਖ?' ਵੀ ਲਿਖੀ ਸੀ। ਪਰ ਅਫਸੋਸ! ਬਾਬਾ ਨਾਨਕ ਵਰਗੇ ਇਨਕਲਾਬੀ ਯੁਗ ਪੁਰਸ਼ ਦਾ ਪੈਰੋਕਾਰ ਹੋਣ ਦਾ ਦਾਅਵਾ ਕਰਨ ਵਾਲਾ ਸਮਾਜ, ਉਸ ਕਿਤਾਬ ਦੇ ਛੱਪਣ ਦੇ ਇਕ ਸਦੀ ਉਪਰੰਤ ਅਤੇ ਨਾਨਕਸ਼ਾਹੀ ਕੈਲੰਡਰ ਦੀ ਕਾਇਮੀ ਵੇਲੇ ਵੀ ਇਸ ਗਲਤੀ ਨੂੰ ਸੁਧਾਰਨ ਦੀ ਦ੍ਰਿੜਤਾ ਅਤੇ ਇੱਛਾ-ਸ਼ਕਤੀ ਪੈਦਾ ਨਹੀਂ ਕਰ ਸਕਿਆ।ਕੁਝ ਐਸੀ ਹੀ ਗਲਤ ਰਵਾਇਤ ਬੰਦੀ ਛੋੜ ਦਿਵਸ ਦੇ ਨਾਮ ਬ੍ਰਾਹਮਣੀ ਤਿਉਹਾਰ ਦੀਵਾਲੀ ਨੂੰ ਮਨਾਉਣ ਦੀ ਵੀ ਹੈ। ਜਦਕਿ ਇਤਿਹਾਸਕਾਰਾਂ ਮੁਤਾਬਕ ਬੰਦੀ ਛੋੜ ਦਿਵਸ ਦੀ ਮਿਤੀ ਦੀਵਾਲੀ ਤੋਂ ਕੁਝ ਮਹੀਨੇ ਬਾਅਦ ਸੀ।

੩. ਕੋਈ ਵੀ ਕੈਲੰਡਰ ਕਿਸੇ ਯੁਗਪੁਰਸ਼ ਦੇ ਨਾਲ ਸੰਬੰਧਿਤ ਹੁੰਦਾ ਹੈ। ਸੋ 'ਨਾਨਕਸ਼ਾਹੀ ਕੈਲੰਡਰ' ਵੀ ਬਾਬਾ ਨਾਨਕ ਜੀ ਦੇ ਜਨਮ ਵੈਸਾਖ ੧੪੬੯ ਤੋਂ ਸ਼ੁਰੂ ਹੋਣਾ ਚਾਹੀਦਾ। ਪਰ 'ਮੂਲ ਨਾਨਕਸ਼ਾਹੀ ਕੈਲੰਡਰ' ਨੂੰ 'ਚੇਤ' ਤੋਂ ਸ਼ੁਰੂ ਕੀਤਾ ਗਿਆ। ਇਸ ਦੇ ਹੱਕ ਵਿਚ ਇਹ ਕੱਚੀ ਦਲੀਲ ਦਿਤੀ ਜਾਂਦੀ ਹੈ ਕਿ ਗੁਰਬਾਣੀ ਵਿਚ 'ਬਾਰਹਮਾਹ'ਚੇਤ ਦੇ ਮਹੀਨੇ ਤੋਂ ਸ਼ੁਰੂ ਹੁੰਦਾ ਹੈ। ਗੁਰਬਾਣੀ ਵਿਚ ਆਇਆ ਬਾਰਹਮਾਹ ਇਕ 'ਕਾਵਿ ਰੂਪ' ਹੈ ਨਾ ਕਿ ਕੈਲੰਡਰ। ਉਹ ਬਾਰਹਮਾਹ ਪ੍ਰਚਲਿਤ (ਬਿ-ਕਰਮੀ) ਕੈਲੰਡਰ ਦੇ ਮਹੀਨਿਆਂ ਦੇ ਆਧਾਰ 'ਤੇ ਲਿਖੇ ਗਏ ਹਨ।

'ਤੱਤ ਗੁਰਮਤਿ ਪਰਿਵਾਰ' ਨੇ ਆਪਣੇ ਕਾਇਮੀ ਵੇਲੇ ਇਹ ਫੈਸਲਾ ਕੀਤਾ ਸੀ ਕਿ ਬਾਬਾ ਨਾਨਕ ਜੀ ਦੀ ਸੇਧ ਵਿਚ ਸਿਧਾਂਤ ਤੇ ਪਹਿਰਾ ਦੇਣ ਦਾ ਯਤਨ ਕੀਤਾ ਜਾਵੇਗਾ ਅਤੇ ਫੈਸਲੇ ਲੈਣ ਵੇਲੇ ਪੰਥਕ ਏਕਤਾ, ਪੰਥ ਪ੍ਰਵਾਨਿਕਤਾ ਆਦਿ ਦੇ ਨਾਂ ਤੇ ਸੱਚ ਨਾਲ ਸਮਝੌਤਾ ਨਹੀਂ ਕਰਨਾ। ਮਨਮੱਤ ਤੋਂ ਗੁਰਮਤਿ ਵੱਲ ਵਾਪਸੀ ਦੇ ਇਸ ਸਫਰ ਤੇ ਤੁਰਦਿਆਂ ਪਰਿਵਾਰ ਨੇ ਸਿਧਾਂਤ ਤੇ ਦ੍ਰਿੜਤਾ ਨਾਲ ਪਹਿਰਾ ਦੇਣ ਦਾ ਯਤਨ ਕਰਦਿਆਂ ਕਈ ਫੈਸਲੇ ਲਏ। ਕੁਝ ਸਮਾਂ ਪਹਿਲਾਂ ਪੰਥ ਦੇ ਸੁਚੇਤ ਤਬਕੇ ਦੀਆਂ ਹੋਰ ਧਿਰਾਂ ਦੇ ਸਹਿਯੋਗ ਨਾਲ ਇਕ ਸਾਂਝਾ ਸੁਧਾਰ ਉਪਰਾਲਾ ਕੀਤਾ ਜਿਸ ਵਿਚ 'ਸਿੱਖ ਰਹਿਤ ਮਰਿਯਾਦਾ' ਵਿਚਲੀਆਂ ਕਮੀਆਂ ਨੂੰ ਦੂਰ ਕਰਦਿਆਂ 'ਗੁਰਮਤਿ ਜੀਵਨ ਸੇਧਾਂ : ਕੁਝ ਜ਼ਰੂਰੀ ਨੁਕਤੇ' ਦਸਤਾਵੇਜ਼ ਤਿਆਰ ਕੀਤਾ।

ਬਾਬਾ ਨਾਨਕ ਜੀ ਦੀ ਸੇਧ ਵਿਚ ਤੁਰਣ ਦਾ ਯਤਨ ਕਰਦਿਆਂ 'ਤੱਤ ਗੁਰਮਤਿ ਪਰਿਵਾਰ' ਨੇ ਕੁਝ ਸਮਾਂ ਪਹਿਲਾਂ ਇਹ ਐਲਾਣ ਕੀਤਾ ਸੀ ਕਿ 'ਮੂਲ ਨਾਨਕਸ਼ਾਹੀ ਕੈਲੰਡਰ' ਦੀਆਂ ਉਣਤਾਈਆਂ ਨੂੰ ਦੂਰ ਕਰ ਕੇ ਜਲਦ ਹੀ 'ਸ਼ੁਧ ਨਾਨਕਸ਼ਾਹੀ ਕੈਲੰਡਰ' ਸੰਗਤਾਂ ਸਾਹਮਣੇ ਪੇਸ਼ ਕੀਤਾ ਜਾਵੇਗਾ। ਅੱਜ ਬਾਬਾ ਨਾਨਕ ਜੀ ਦੇ ੫੪੬ ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਦੂਜੇ ਗੁਰਮਤਿ ਇਨਕਲਾਬ ਪੁਰਬ ਦੇ ਮੌਕੇ ਤੇ ਸੰਮਤ ੫੪੬ ਦਾ 'ਸ਼ੁਧ ਨਾਨਕਸ਼ਾਹੀ ਕੈਲੰਡਰ' ਪੇਸ਼ ਕਰਨ ਦੀ ਖੁਸ਼ੀ ਲੈ ਰਹੇ ਹਾਂ। ਇਸ ਕੈਲੰਡਰ ਨੂੰ ਤਿਆਰ ਕਰਨ ਵੇਲੇ ਤਕਨੀਕੀ ਤੌਰ ਤੇ ਮਿਤੀਆਂ ਆਦਿ ਉਹੀ ਲਈਆਂ ਗਈਆਂ ਹਨ ਜੋ ਡਾ. ਪਾਲ ਸਿੰਘ ਜੀ ਪੁਰੇਵਾਲ ਵਲੋਂ ਤਿਆਰ ਕੀਤੇ ਮੂਲ ਨਾਨਕਸ਼ਾਹੀ ਕੈਲੰਡਰ (੨੦੦੩) ਵਿਚ ਸਨ। ਅਸੀਂ ਡਾ. ਜੀ ਦੀ ਮਿਹਨਤ ਦੀ ਤਹਿ ਦਿਲੋਂ ਕਦਰ ਕਰਦੇ ਹਾਂ ਅਤੇ ਧੰਨਵਾਦੀ ਹਾਂ।

ਨਾਨਕ ਫਲਸਫੇ ਦਾ ਸਮਝਾਇਆ ਇਕ ਮੁੱਖ ਸਿਧਾਂਤ 'ਮਨੁੱਖੀ ਸਾਂਝੀਵਾਲਤਾ' ਹੈ। ਇਸੇ ਸਿਧਾਂਤ ਦੇ ਮੱਦੇਨਜ਼ਰ ਇਸ ਕੈਲੰਡਰ ਵਿਚ ਯੁਨਾਈਟੇਡ ਨੇਸ਼ਨਜ਼ ਵਲੋਂ ਸਮੁੱਚੀ ਮਨੁੱਖਤਾ ਨੂੰ ਕਲਾਵੇ ਵਿਚ ਲੈਣ ਲਈ ਮਨਾਏ ਜਾਂਦੇ ਕੁਝ ਵਿਸ਼ਵ ਦਿਹਾੜੇ ਵੀ ਸ਼ਾਮਲ ਕੀਤੇ ਗਏ ਹਨ।

ਹਰ ਸੰਭਵ ਯਤਨ ਕਰਨ ਦੇ ਬਾਵਜੂਦ ਇਹ ਗੁੰਜ਼ਾਇਸ਼ ਹੈ ਕਿ ਇਸ ਕੈਲੰਡਰ ਵਿਚ ਕੁਝ ਉਣਤਾਈਆਂ ਰਹਿ ਗਈਆਂ ਹੋਣਗੀਆਂ। ਇਸ ਲਈ ਅਸੀਂ ਸਾਰਿਆਂ ਨੂੰ ਨਿਮਰਤਾ ਸਹਿਤ ਬੇਨਤੀ ਕਰਦੇ ਹਾਂ ਕਿ ਐਸੀ ਕੋਈ ਤਰੁੱਟੀ ਕਿਸੇ ਦੀ ਨਜ਼ਰ ਵਿਚ ਆਉਂਦੀ ਹੈ ਤਾਂ ਤਰਕ ਅਤੇ ਦਲੀਲ ਨਾਲ ਸਾਨੂੰ ਦੱਸੋ। ਇਸ ਕੈਲੰਡਰ ਦੇ ਅਗਲੇ ਐਡੀਸ਼ਨ ਵਿਚ ਵਿਚਾਰ ਉਪਰੰਤ ਸੁਧਾਰ ਕਰ ਲਿਆ ਜਾਵੇਗਾ।

ਪ੍ਰਕਾਸ਼ਕ : ਤੱਤ ਗੁਰਮਤਿ ਪਰਿਵਾਰ
ਫਿਉਚਰ ਪੈਕ ਹਾਇਰ ਸੈਕੰਡਰੀ ਸਕੂਲ, (ਨਜ਼ਦੀਕ ਏਅਰਪੋਰਟ) ਗਾਡੀਗੜ ਅੱਪਰ, ਜੰਮੂ (ਜੰਮੂ ਅਤੇ ਕਸ਼ਮੀਰ)
www.tattgurmat.org Email: tatgurmat@gmail.com Designed By S.J.Singh

# ਸ਼ੁੱਧ ਨਾਨਕਸ਼ਾਹੀ ਕੈਲੰਡਰ

ਸੰਮਤ ੫੪੬ (ਈਸਵੀ ੨੦੧੪-੧੫)

## ਧਰਮ ਦਾ ਸਰੂਪ

| | ਨਾਨਕ ਫਲਸਫੇ ਤੋਂ ਪਹਿਲਾਂ | | ਨਾਨਕ ਫਲਸਫੇ ਅਨੁਸਾਰ |
|---|---|---|---|
| ੩ | ਮਨੁੱਖ ਅਤੇ ਰੱਬ ਵਿਚਾਲੇ ਪੁਜਾਰੀ ਵਰਗ ਨੂੰ ਵਿਚੋਲੇ ਦੇ ਰੂਪ ਵਿਚ ਖੜ੍ਹੇ ਕਰਕੇ ਸੱਚ ਤੋਂ ਗੁੰਮਰਾਹ ਕਰਨਾ। | ੩ | ਮਨੁੱਖ ਅਤੇ ਰੱਬ ਵਿਚਕਾਰ ਕਿਸੇ ਵਿਚੋਲੇ (ਦਲਾਲ) ਦੀ ਲੋੜ ਨੂੰ ਨਕਾਰਦਿਆਂ ਸੱਚ ਨਾਲ ਸਿੱਧਾ ਰੂਹ-ਬ-ਰੂਹ ਹੋਣਾ। |
| ੪ | ਅੰਨ੍ਹੀ ਸ਼ਰਧਾ ਅਧੀਨ ਧਾਰਮਿਕ ਆਗੂ ਦੀ ਹਰ ਜਾਇਜ਼/ਨਜਾਇਜ਼ ਗੱਲ ਨੂੰ ਸਤਿਬਚਨ ਕਹਿ ਕੇ ਮੰਨ ਲੈਣਾ। ਧਰਮ ਦੇ ਮਾਮਲੇ ਵਿਚ ਕਿੰਤੂ-ਪ੍ਰੰਤੂ ਨੂੰ ਗਲਤ ਐਲਾਨਣਾ। | ੪ | ਹਰ ਮਾਨਤਾ, ਰਸਮ ਆਦਿ ਨੂੰ ਬਿਬੇਕ ਰਾਹੀਂ, ਤਰਕ ਰਾਹੀਂ ਸੱਚ ਦੀ ਕਸਵੱਟੀ 'ਤੇ ਪਰਖਣਾ। ਅੰਨ੍ਹੀ ਸ਼ਰਧਾ ਨੂੰ ਧਰਮ (ਸੱਚ) ਦੇ ਰਾਹ ਵਿਚ ਰੁਕਾਵਟ ਮੰਨਣਾ। |

## ਹਾੜ (ਸੰਮਤ ੫੪੬) ਜੂਨ-ਜੁਲਾਈ (2014)

| ਸੋਮਵਾਰ<br>MONDAY | ਮੰਗਲਵਾਰ<br>TUESDAY | ਬੁਧਵਾਰ<br>WEDNESDAY | ਵੀਰਵਾਰ<br>THURSDAY | ਸ਼ੁਕਰਵਾਰ<br>FRIDAY | ਸ਼ਨੀਵਾਰ<br>SATURDAY | ਐਤਵਾਰ<br>SUNDAY |
|---|---|---|---|---|---|---|
| ੩੦ ਹਾੜ<br>JULY 14 | ੩੧ ਹਾੜ<br>JULY 15 | | | | | ੧ ਹਾੜ<br>JUNE 15 |
| ੨ ਹਾੜ<br>JUNE 16 | ੩ ਹਾੜ<br>JUNE 17 | ੪ ਹਾੜ<br>JUNE 18 | ੫ ਹਾੜ<br>JUNE 19 | ੬ ਹਾੜ<br>JUNE 20 | ੭ ਹਾੜ<br>JUNE 21 | ੮ ਹਾੜ<br>JUNE 22 |
| ੯ ਹਾੜ<br>JUNE 23 | ੧੦ ਹਾੜ<br>JUNE 24 | ੧੧ ਹਾੜ<br>JUNE 25 | ੧੨ ਹਾੜ<br>JUNE 26 | ੧੩ ਹਾੜ<br>JUNE 27 | ੧੪ ਹਾੜ<br>JUNE 28 | ੧੫ ਹਾੜ<br>JUNE 29 |
| ੧੬ ਹਾੜ<br>JUNE 30 | ੧੭ ਹਾੜ<br>JULY 1 | ੧੮ ਹਾੜ<br>JULY 2 | ੧੯ ਹਾੜ<br>JULY 3 | ੨੦ ਹਾੜ<br>JULY 4 | ੨੧ ਹਾੜ<br>JULY 5 | ੨੨ ਹਾੜ<br>JULY 6 |
| ੨੩ ਹਾੜ<br>JULY 7 | ੨੪ ਹਾੜ<br>JULY 8 | ੨੫ ਹਾੜ<br>JULY 9 | ੨੬ ਹਾੜ<br>JULY 10 | ੨੭ ਹਾੜ<br>JULY 11 | ੨੮ ਹਾੜ<br>JULY 12 | ੨੯ ਹਾੜ<br>JULY 13 |

### ਸਿੱਖ ਇਤਿਹਾਸ ਦੇ ਪ੍ਰਮੁੱਖ ਦਿਹਾੜੇ

ਸ਼ਹੀਦੀ ਦਿਵਸ ਪਾ: ੫ – ੨ ਹਾੜ (16 June)
ਸ਼ਹੀਦੀ ਬਾਬਾ ਬੰਦਾ ਸਿੰਘ ਬਹਾਦੁਰ – ੧੧ ਹਾੜ (25 June)
ਜਨਮ ਦਿਵਸ ਪਾ: ੬ – ੨੧ ਹਾੜ (5 July)
ਸ਼ਹੀਦੀ ਭਾਈ ਮਨੀ ਸਿੰਘ ਜੀ – ੨੫ ਹਾੜ (9 July)

### International days for humanity

World Elder Abuse Awareness Day - 15 Jun (੧ ਹਾੜ)
World Refugee Day - 20 Jun (੬ ਹਾੜ)
International Widow Day - 23 Jun (੯ ਹਾੜ)
International Day Against Drug Abuse and Illicit Trafficking - 26 Jun (੧੨ ਹਾੜ)
International Day of Cooperatives - 05 Jul (੨੧ ਹਾੜ)
World Population Day - 11 Jul (੨੭ ਹਾੜ)

### ਗੁਰਬਖਸ਼ ਸਿੰਘ ਕਾਲਾ ਅਫਗਾਨਾ ਦੀਆਂ ਪੁਸਤਕਾਂ

੧. 'ਬਿਪਰਨ ਕੀ ਰੀਤ ਤੋਂ ਸੱਚ ਦਾ ਮਾਰਗ' ਭਾਗ ੧ ਤੋਂ ੧੦
੨. ਮਾਸੁ ਮਾਸੁ ਕਰਿ ਮੂਰਖੁ ਝਗੜੇ
੩. ਗੁਰਬਿਲਾਸ ਪਾਤਸ਼ਾਹੀ-੬ – ਗੁਰਬਾਣੀ ਦੀ ਕਸਵੱਟੀ 'ਤੇ

**ਲੜੀਵਾਰ ਕਿਤਾਬਚਾ– "ਕੌੜਾ ਸੱਚ"**

ਦਲੀਪ ਸਿੰਘ ਕਸ਼ਮੀਰੀ –ਸੰਪਰਕ: 09041220122

ਵਿਸ਼ੇਸ਼ ਨੋਟ: ਉਪਰੋਕਤ ਪੁਸਤਕਾਂ ਦੀ ਸਾਮੱਗਰੀ ਨਾਲ 'ਤੱਤ ਗੁਰਮਤਿ ਪਰਿਵਾਰ' ਦਾ ਪੂਰੀ ਤਰ੍ਹਾਂ ਸਹਿਮਤ ਹੋਣਾ ਜ਼ਰੂਰੀ ਨਹੀਂ।

## ਸਿੱਖ ਦੀ ਪਰਿਭਾਸ਼ਾ

ਜਿਹੜਾ ਮਨੁੱਖ ਕੇਵਲ ਇਕ ਅਕਾਲ ਪੁਰਖ 'ਤੇ ਵਿਸ਼ਵਾਸ ਰੱਖਦਾ ਹੈ, ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਗੁਰਬਾਣੀ (ਸ਼ੁਰੂਆਤੀ 'ੴ' ਤੋਂ 'ਤਨੁ ਮਨੁ ਥੀਵੈ ਹਰਿਆ' ਤੱਕ) ਅਨੁਸਾਰ ਜੀਵਨ ਜਿਉਣ ਦਾ ਯਤਨ ਕਰਦਾ ਹੈ ਅਤੇ ਨਾਨਕ ਫਲਸਫੇ ਦੇ ਵਿਪਰੀਤ ਕਿਸੇ ਮੱਤ ਨੂੰ ਸਵੀਕਾਰ ਨਹੀਂ ਕਰਦਾ, ਉਹ ਸਿੱਖ ਹੈ।

## ਨਿਤਨੇਮ

ਗੁਰਮਤਿ ਦੇ ਮੁੱਢਲੇ ਸਿਧਾਂਤ ਸਪਸ਼ਟ ਕਰਦੇ 'ਸ਼ਬਦ ਗੁਰੂ ਗ੍ਰੰਥ ਸਾਹਿਬ ਜੀ' ਦੇ ਪਹਿਲੇ ੧੩ ਪੰਨਿਆਂ 'ਤੇ ਦਰਜ ਜਪੁ, ਸੋਦਰੁ, ਸੋ ਪੁਰਖੁ ਅਤੇ ਸੋਹਿਲਾ ਤੋਂ ਸਹਿਜੇ-ਸਹਿਜੇ ਸ਼ੁਰੂ ਕਰਦਿਆਂ ਰੋਜ਼ਾਨਾ ਆਪਣੇ ਵਿੱਤ ਅਨੁਸਾਰ ਇਕ ਜਾਂ ਵੱਧ ਸ਼ਬਦ ਦੀ ਵੀਚਾਰ ਕਰਕੇ ਜੀਵਨ ਵਿਚ ਢਾਲਣ ਦਾ ਯਤਨ ਕਰਨਾ।

## ਅਰਦਾਸ

ਗੁਰਮਤਿ ਸਮਾਗਮ ਦੀ ਸ਼ੁਰੂਆਤ ਸੰਗਤ ਵਲੋਂ ਸਾਂਝੇ ਤੌਰ 'ਤੇ ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁਰੂਆਤੀ ਮੰਗਲ "ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥" (ਮਹਲਾ ੧, ਪੰਨਾ ੧) ਅਤੇ ਉਸ ਉਪਰੰਤ

ਤੂ ਠਾਕੁਰੁ ਤੁਮ ਪਹਿ ਅਰਦਾਸਿ॥ ਜੀਉ ਪਿੰਡੁ ਸਭੁ ਤੇਰੀ ਰਾਸਿ॥ ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥ ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ॥ ਕੋਇ ਨ ਜਾਨੈ ਤੁਮਰਾ ਅੰਤੁ॥ ਊਚੇ ਤੇ ਊਚਾ ਭਗਵੰਤ॥ ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ॥ ਤੁਮ ਤੇ ਹੋਇ ਸੁ ਆਗਿਆਕਾਰੀ॥ ਤੁਮਰੀ ਗਤਿ ਮਿਤਿ ਤੁਮ ਹੀ ਜਾਨੀ॥ ਨਾਨਕ ਦਾਸ ਸਦਾ ਕੁਰਬਾਨੀ ॥੮॥੪॥ (ਮਹਲਾ ੫, ਪੰਨਾ ੨੬੮)

ਸ਼ਬਦ ਦੇ ਵਿਚਾਰਮਈ ਉਚਾਰਨ ਨਾਲ ਕੀਤੀ ਜਾਵੇ। ਸਮਾਗਮ ਦੀ ਸਮਾਪਤੀ 'ਸ਼ਬਦ ਗੁਰੂ ਗ੍ਰੰਥ ਸਾਹਿਬ ਜੀ' ਦੇ ਸਰੂਪ ਵਿਚ ਆਉਂਦੇ ਹੇਠ ਲਿਖੇ ਅੰਤਲੇ ਸ਼ਬਦ ਦੇ ਵਿਚਾਰਮਈ ਸਾਂਝੇ ਉਚਾਰਨ ਨਾਲ ਕੀਤੀ ਜਾਵੇ।

ਸਲੋਕ ਮਹਲਾ ੫॥ ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ॥ ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ॥ ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ॥ ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ॥੧॥ (ਮਹਲਾ ੫, ਪੰਨਾ ੧੪੨੯)

## ਗੁਰਮਤਿ ਰਹਿਣੀ ਲਈ ਸੇਧਾਂ

(੧) ਇਕ ਅਕਾਲ ਪੁਰਖ ਨੂੰ ਹੀ ਆਪਣਾ ਇਸ਼ਟ ਮੰਨਣਾ।
(੨) ਕਿਸੇ ਦੇਵੀ ਦੇਵਤੇ, ਦੇਹਧਾਰੀ ਜਾਂ ਪ੍ਰਚਲਤ ਅਵਤਾਰ ਨੂੰ ਇਸ਼ਟ ਨਹੀਂ ਮੰਨਣਾ।
(੩) ਜ਼ਾਤ-ਪਾਤ, ਛੂਤ-ਛਾਤ, ਰੰਗ-ਨਸਲ, ਲਿੰਗ ਭੇਦ (ਵਿਤਕਰੇ) ਨੂੰ ਨਹੀਂ ਮੰਨਣਾ।
(੪) ਜੰਤਰ-ਮੰਤਰ, ਜਾਦੂ ਟੂਣੇ, ਧਾਗਾ-ਤਵੀਜ਼, ਮੌਲੀ, ਕਾਲਾ ਇਲਮ, ਹੱਥ ਹੌਲਾ (ਫਾਂਡਾ), ਝਾੜ-ਫੂਕ ਆਦਿ 'ਤੇ ਵਿਸ਼ਵਾਸ ਨਹੀਂ ਰੱਖਣਾ।
(੫) ਭੂਤ-ਪ੍ਰੇਤ, ਜਿੰਨ, ਡਾਇਣ, ਚੁੜੇਲ, ਸ਼ਹੀਦੀ ਰੂਹ, ਓਪਰੀ ਹਵਾ, ਸ਼ੈਤਾਨ, ਗੈਬੀ-ਰੂਹ ਆਦਿ ਵਿਚ ਵਿਸ਼ਵਾਸ ਨਹੀਂ ਰੱਖਣਾ।
(੬) ਪੀਰ, ਬ੍ਰਾਹਮਣ, ਪੁਜਾਰੀ, ਮਹਾਂ-ਪੁਰਖ, ਸਾਧ-ਸੰਤ, ਬਾਬਾ-ਗੁਰੂ ਆਦਿ ਦੇ ਨਾਂ 'ਤੇ ਦੇਹਧਾਰੀਆਂ ਦੀ ਪੂਜਾ ਗੁਰਮਤਿ ਵਿਚ ਪ੍ਰਵਾਨ ਨਹੀਂ।
(੭) ਸੁੱਖਣਾ, ਪੁੱਛਣਾ, ਮੰਨਤ, ਸ਼ੀਰਣੀ, ਸ਼ਗਨ-ਅਪਸ਼ਗਨ, ਘੜੀ-ਮਹੂਰਤ, ਗ੍ਰਹਿ, ਲਗਨ, ਪੱਤਰੀ, ਰਾਸ਼ੀਫਲ, ਜੋਤਿਸ਼, ਥਿੱਤ-ਵਾਰ ਆਦਿ ਅੰਧਵਿਸ਼ਵਾਸ ਗੁਰਮਤਿ ਵਿਰੁਧ ਹਨ, ਜੋ ਨਹੀਂ ਕਰਨੇ।
(੮) ਸੰਗਰਾਂਦ, ਮੱਸਿਆ, ਪੂਰਨਮਾਸ਼ੀ, ਇਕਾਦਸ਼ੀ, ਦੁਆਦਸ਼ੀ, ਪੰਚਮੀ, ਅਸ਼ਟਮੀ, ਨੌਮੀ, ਦਸਵੀਂ ਆਦਿ ਨਾਲ ਜੋੜੇ ਜਾਂਦੇ ਦਿਹਾੜਿਆਂ ਦੇ ਪਵਿਤ੍ਰ ਹੋਣ ਦੇ ਵਹਿਮ ਨੂੰ ਨਹੀਂ ਮੰਨਣਾ। ਦੂਜੇ ਮਤਾਂ ਦੇ ਤਿਉਹਾਰਾਂ ਆਦਿ ਵਿਚ ਸ਼ਾਮਿਲ ਹੋਇਆ ਜਾ ਸਕਦਾ ਹੈ, ਪਰ ਉਸ ਵਿਚਲੇ ਕਿਸੇ ਗੁਰਮਤਿ ਅਤੇ ਮਨੁੱਖਤਾ ਵਿਰੋਧੀ ਕਰਮ (ਕਾਂਡ) ਵਿਚ ਹਿੱਸਾ ਨਹੀਂ ਲੈਣਾ। (ਬਾਕੀ ਅਗਲੇ ਸਫ਼ੇ 'ਤੇ)

**ਪ੍ਰਕਾਸ਼ਕ : ਤੱਤ ਗੁਰਮਤਿ ਪਰਿਵਾਰ**
ਫਿਉਚਰ ਪੈਕ ਹਾਇਰ ਸੈਕੰਡਰੀ ਸਕੂਲ, (ਨਜ਼ਦੀਕ ਏਅਰਪੋਰਟ) ਗਾਡੀਗੜ ਅੱਪਰ, ਜੰਮੂ (ਜੰਮੂ ਅਤੇ ਕਸ਼ਮੀਰ)
www.tattgurmat.org Email: tatgurmat@gmail.com

# ਸ਼ੁੱਧ ਨਾਨਕਸ਼ਾਹੀ ਕੈਲੰਡਰ

ਸੰਮਤ ੫੪੬ (ਈਸਵੀ ੨੦੧੪-੧੫)

## ਧਰਮ ਦਾ ਸਰੂਪ

| | ਨਾਨਕ ਫਲਸਫੇ ਤੋਂ ਪਹਿਲਾਂ | | ਨਾਨਕ ਫਲਸਫੇ ਅਨੁਸਾਰ |
|---|---|---|---|
| ੫ | ਵਿਹਲੜ ਪੁਜਾਰੀ ਸ਼੍ਰੇਣੀ ਵਲੋਂ ਲੋਕਾਈ ਦੀ ਲੁੱਟ ਕਰਦਿਆਂ ਕਿਰਤੀ ਲੋਕਾਂ ਨੂੰ ਨੀਵਾਂ ਅਤੇ ਅਛੂਤ ਦਰਸਾ ਕੇ ਆਮ ਲੋਕਾਈ ਨੂੰ ਘਸਿਆਰੇ ਬਣਾਈ ਰੱਖਣਾ। | ੫ | ਗੁਰਮਤਿ ਫਲਸਫੇ ਅਨੁਸਾਰ ਪੁਜਾਰੀ ਤਬਕੇ ਨੂੰ ਮੂਲੋਂ ਰੱਦ ਕਰਦਿਆਂ, ਕਿਰਤ ਨੂੰ ਵਡਿਆ ਕੇ, ਵਿਤਕਰੇ ਪੈਦਾ ਕਰਦੀਆਂ ਮਾਨਤਾਵਾਂ ਨੂੰ ਤੋੜਦੇ ਹੋਏ ਦਬੇ-ਕੁਚਲੇ ਕਿਰਤੀ ਲੋਕਾਂ ਨੂੰ ਮਾਨਤਾ ਦੇਣਾ। |
| ੬ | ਅੰਧ-ਵਿਸ਼ਵਾਸ, ਵਹਿਮ-ਭਰਮ ਆਦਿ ਨੂੰ ਧਰਮ ਦਾ ਅਟੁਟ ਹਿੱਸਾ ਮੰਨਣਾ। | ੬ | ਧਰਮ ਦਾ ਅਸਲ ਮਤਲਬ ਸਚਿਆਰ ਜੀਵਨ ਦਰਸਾ ਕੇ ਤਰਕ ਦੇ ਕਸਵੱਟੀ ਤੇ ਪਰਖਦਿਆਂ ਅੰਧਵਿਸ਼ਵਾਸ਼ਾਂ, ਵਹਿਮ-ਭਰਮ ਨੂੰ ਨਕਾਰ ਕੇ ਅਮਲੀ ਜੀਵਨ ਜੀਉਣ ਦਾ ਰਾਹ ਦੱਸਿਆ। |

## ਸਾਵਣ (ਸੰਮਤ ੫੪੬) ਜੁਲਾਈ-ਅਗਸਤ (2014)

| ਸੋਮਵਾਰ MONDAY | ਮੰਗਲਵਾਰ TUESDAY | ਬੁਧਵਾਰ WEDNESDAY | ਵੀਰਵਾਰ THURSDAY | ਸ਼ੁਕਰਵਾਰ FRIDAY | ਸ਼ਨੀਵਾਰ SATURDAY | ਐਤਵਾਰ SUNDAY |
|---|---|---|---|---|---|---|
| | | ੧ ਸਾਵਣ JULY 16 | ੨ ਸਾਵਣ JULY 17 | ੩ ਸਾਵਣ JULY 18 | ੪ ਸਾਵਣ JULY 19 | ੫ ਸਾਵਣ JULY 20 |
| ੬ ਸਾਵਣ JULY 21 | ੭ ਸਾਵਣ JULY 22 | ੮ ਸਾਵਣ JULY 23 | ੯ ਸਾਵਣ JULY 24 | ੧੦ ਸਾਵਣ JULY 25 | ੧੧ ਸਾਵਣ JULY 26 | ੧੨ ਸਾਵਣ JULY 27 |
| ੧੩ ਸਾਵਣ JULY 28 | ੧੪ ਸਾਵਣ JULY 29 | ੧੫ ਸਾਵਣ JULY 30 | ੧੬ ਸਾਵਣ JULY 31 | ੧੭ ਸਾਵਣ AUGUST 1 | ੧੮ ਸਾਵਣ AUGUST 2 | ੧੯ ਸਾਵਣ AUGUST 3 |
| ੨੦ ਸਾਵਣ AUGUST 4 | ੨੧ ਸਾਵਣ AUGUST 5 | ੨੨ ਸਾਵਣ AUGUST 6 | ੨੩ ਸਾਵਣ AUGUST 7 | ੨੪ ਸਾਵਣ AUGUST 8 | ੨੫ ਸਾਵਣ AUGUST 9 | ੨੬ ਸਾਵਣ AUGUST 10 |
| ੨੭ ਸਾਵਣ AUGUST 11 | ੨੮ ਸਾਵਣ AUGUST 12 | ੨੯ ਸਾਵਣ AUGUST 13 | ੩੦ ਸਾਵਣ AUGUST 14 | ੩੧ ਸਾਵਣ AUGUST 15 | | |

### ਸਿੱਖ ਇਤਿਹਾਸ ਦੇ ਪ੍ਰਮੁੱਖ ਦਿਹਾੜੇ

ਸ਼ਹੀਦੀ ਭਾਈ ਤਾਰੂ ਸਿੰਘ - ੧ ਸਾਵਣ (16 July)

ਜਨਮ ਦਿਵਸ ਪਾ : ੮ - ੮ ਸਾਵਣ (23 July)

### International days for humanity

World Hepatitis Day - 28 Jul (੧੩ ਸਾਵਣ)

International Day of Friendship - 30 Jul (੧੫ ਸਾਵਣ)

International Youth Day - 12 Aug (੨੮ ਸਾਵਣ)

### ਪ੍ਰੋ. ਇੰਦਰ ਸਿੰਘ ਘੱਗਾ ਦੀਆਂ ਕੁਝ ਪੁਸਤਕਾਂ

੧. ਦਾਨ, ਦਸਵੰਧ ਜਾਂ ਵਪਾਰ
੨. ਸਾਡਾ ਬੇੜਾ ਇਉਂ ਗਰਕਿਆ
੩. ਧਰਮ ਦੇ ਨਾਂ 'ਤੇ..?
੪. ਤਬੀ ਚਲਾਇਓ ਪੰਥ ਜਾਂ ਡੇਰੇ ਟਕਸਾਲਾਂ..?
੫. ਸਿੱਖਾਂ ਦਾ ਝੰਡਾ ਬਰਦਾਰ
੬. ਆਵਾਗਵਨ-ਸੁਰਗ ਨਰਕ-੮੪ ਲੱਖ ਜੂਨਾਂ

ਸੰਪਰਕ : 09855151699

ਵਿਸ਼ੇਸ਼ ਨੋਟ: ਉਪਰੋਕਤ ਪੁਸਤਕਾਂ ਦੀ ਸਾਮੱਗਰੀ ਨਾਲ 'ਤੱਤ ਗੁਰਮਤਿ ਪਰਿਵਾਰ' ਦਾ ਪੂਰੀ ਤਰ੍ਹਾਂ ਸਹਿਮਤ ਹੋਣਾ ਜ਼ਰੂਰੀ ਨਹੀਂ।

### ਗੁਰਮਤਿ ਰਹਿਣੀ ਲਈ ਸੇਧਾਂ :

(੯) ਹੋਮ (ਹਵਨ), ਬਲੀ, ਜੱਗ, ਧੂਪ, ਦੀਪ-ਜੋਤਿ ਆਦਿਕ ਕਰਮਕਾਂਡਾਂ ਵਿਚ ਵਿਸ਼ਵਾਸ ਨਹੀਂ ਰੱਖਣਾ।

(੧੦) ਗੋਰ, ਮੜੀ, ਮਸਾਣ, ਮੱਠ, ਸਮਾਧ, ਗੁੱਗਾ ਮਨਾਉਣਾ, ਵਰਮੀ ਪੂਜਾ, ਪੀਰ, ਸਖੀ ਸਰਵਰ, ਵਿਸ਼ਵਕਰਮਾ ਆਦਿਕ ਅੰਧ ਵਿਸ਼ਵਾਸ ਹਨ, ਜੋ ਨਹੀਂ ਮੰਨਣੇ।(੧੧) ਵੇਦ-ਸ਼ਾਸ਼ਤਰ, ਸਿੰਮ੍ਰਿਤੀਆਂ-ਪੁਰਾਣ, ਰਮਾਇਣ, ਮਹਾਂਭਾਰਤ, ਗੀਤਾ, ਕੁਰਾਨ, ਅੰਜੀਲ, ਤੌਰੇਤ, ਜੰਬੂਰ, ਧਮਪਦ ਆਦਿ ਕਿਸੇ ਅਨਮਤੀਂ 'ਧਰਮ-ਪੁਸਤਕਾਂ' ਅਤੇ 'ਸ਼ਬਦ ਗੁਰੂ ਗ੍ਰੰਥ ਸਾਹਿਬ ਜੀ' ਤੋਂ ਬਾਹਰੀ ਕਿਸੇ ਵੀ ਹੋਰ ਤਥਾਕਥਿਤ ਧਰਮ-ਗ੍ਰੰਥ ਵਿਚ ਨਿਸ਼ਚਾ ਨਹੀਂ ਕਰਨਾ ਪਰ ਨਿੱਜੀ ਜਾਣਕਾਰੀ ਲਈ ਇਨ੍ਹਾਂ ਪੁਸਤਕਾਂ, ਗ੍ਰੰਥਾਂ ਆਦਿ ਨੂੰ ਪੜ੍ਹਿਆ ਜਾ ਸਕਦਾ ਹੈ।

(੧੨) ਤਿਲਕ, ਜੰਞੂ, ਤੁਲਸੀ, ਮਾਲਾ, ਸ਼ਿਖਾ-ਸੂਤ, ਮੌਲੀ, ਤਰਪ, ਮੁਕਟ ਅਤੇ ਹੋਰ ਕਿਸੇ ਤਰ੍ਹਾਂ ਦੇ ਵੀ ਚਿੰਨ੍ਹ, ਧਰਮ ਦੇ ਨਾਮ 'ਤੇ, ਨਹੀਂ ਮੰਨਣੇ/ ਧਾਰਨ ਕਰਨੇ।

(੧੩) ਕਿਰਿਆ-ਕਰਮ, ਪਿੰਡ-ਪੱਤਲ, ਪਿੱਤਰ ਪੂਜਣੇ, ਮਹੀਨਾ, ਛਿਮਾਹੀ, ਬਰਸੀ/ਵਰੀਣਾ, ਚੌਬਰਸੀ, ਸ਼ਰਾਧ ਆਦਿ ਕਰਮ ਗੁਰਮਤਿ ਵਿਰੋਧੀ ਹਨ, ਜੋ ਨਹੀਂ ਕਰਨੇ।

(੧੪) ਵਰ-ਸਰਾਪ, ਮੰਗਲ-ਸ਼ਨੀ ਆਦਿ ਦੀ ਬ੍ਰਾਹਮਣੀ ਵਿਚਾਰ, ਕੰਜਕਾਂ, ਵਰਤ, ਕਰਵਾ ਚੌਥ, ਰੋਜ਼ੇ ਆਦਿ ਵਿਚ ਵਿਸ਼ਵਾਸ ਨਹੀਂ ਰੱਖਣਾ। ਭਵਿੱਖ ਵਿਚ ਸਾਹਮਣੇ ਆਉਣ ਵਾਲੇ ਐਸੇ ਗੁਰਮਤਿ ਵਿਰੋਧੀ ਵਿਸ਼ਵਾਸਾਂ ਨੂੰ ਨਹੀਂ ਮੰਨਣਾ।

(੧੫) ਗੁਰਮਤਿ ਦਾ ਖਰਾ ਸੱਚ ਨਿਡਰਤਾ ਅਤੇ ਦ੍ਰਿੜਤਾ ਨਾਲ ਪੇਸ਼ ਕੀਤਾ ਜਾਵੇ ਪਰ ਇਸ ਦਾ ਮੰਤਵ ਕਿਸੇ ਦਾ ਦਿਲ ਦੁਖਾਉਣਾ ਨਾ ਹੋਵੇ ਅਤੇ ਨਾ ਹੀ ਕਿਸੇ ਪ੍ਰਤੀ ਮਨ ਵਿਚ ਨਫਰਤ ਪਾਲੇ। ਪ੍ਰਚਾਰਕ ਮਨੁੱਖੀ ਭਲਾਈ ਦੇ ਮਕਸਦ ਨਾਲ 'ਸ਼ਬਦ ਗੁਰੂ ਗ੍ਰੰਥ ਸਾਹਿਬ ਜੀ' ਨੂੰ ਸਮਰਪਿਤ ਹੋ ਕੇ ਪ੍ਰਚਾਰ ਕਰੇ। ਉਹ ਕਿਸੇ ਵੀ ਹੋਰ ਧੜੇ, ਦੇਹਧਾਰੀ, ਸੰਪਰਦਾ ਦਾ ਪ੍ਰਚਾਰਕ ਨਾ ਬਣੇ।

(੧੬) ਕੋਈ ਵੀ ਘਰੇਲੂ ਗੁਰਮਤਿ ਸਮਾਗਮ ਕਰਵਾਉਣ ਵੇਲੇ ਸ਼ਬਦ ਵਿਚਾਰ/ਕੀਰਤਨ ਆਦਿ ਘਰ ਵਾਲੇ ਆਪ ਕਰਨ ਜਾਂ ਕਿਸੇ ਨਿਸ਼ਕਾਮ ਪ੍ਰਚਾਰਕ ਤੋਂ ਕਰਵਾਉਣ। ਪੈਸੇ (ਭੇਟਾ) ਲੈ ਕੇ ਸੇਵਾ ਨਿਭਾਉਣ ਵਾਲੀ ਸ਼੍ਰੇਣੀ ਨੂੰ ਸਮਾਗਮਾਂ ਤੋਂ ਦੂਰ ਰੱਖਿਆ ਜਾਵੇ।

(੧੭) ਸਾਰੇ ਘਰੇਲੂ ਸਮਾਗਮ ਸਾਦਗੀ ਭਰਪੂਰ ਹੋਣ। ਵਾਧੂ ਦੇ ਵਿਖਾਵੇ ਅਤੇ ਆਡੰਬਰਾਂ ਤੋਂ ਗੁਰੇਜ਼ ਕੀਤਾ ਜਾਵੇ।

(੧੮) ਬੱਚਿਆਂ ਦੇ ਜਮਾਂਦਰੂ ਕੇਸ ਸਾਬਤ ਰੱਖੇ ਜਾਣ। ਮੁੰਡਣ/ਜੁੰਡੀ ਵੱਡਣ ਆਦਿ ਰਸਮਾਂ ਗੁਰਮਤਿ ਦੀਆਂ ਘੋਰ ਉਲੰਘਣਾਵਾਂ ਹਨ। ਆਪਰੇਸ਼ਨ ਦੌਰਾਨ ਕੱਟੇ ਗਏ ਜਾਂ ਗੈਰ-ਕੁਦਰਤੀ ਢੰਗ ਨਾਲ ਉੱਗ ਆਏ ਕੇਸਾਂ ਦੇ ਉਪਚਾਰ ਕਰਨ ਦਾ ਵਹਿਮ ਨਹੀਂ ਕਰਨਾ।

(੧੯) ਲਿੰਗ ਵਿਤਕਰੇ ਵਜੋਂ ਬੱਚੇ ਦੀ ਹੱਤਿਆ ਅਤੇ ਭਰੂਣ ਹੱਤਿਆ ਨਹੀਂ ਕਰਨੀ।

(੨੦) ਗੁਰਮੁਖੀ/ਪੰਜਾਬੀ ਬੋਲੀ ਦੀ ਜਾਣਕਾਰੀ ਪ੍ਰਾਪਤ ਕਰਨ ਦਾ ਲੋੜੀਂਦਾ ਯਤਨ ਕੀਤਾ ਜਾਵੇ, ਇਸ ਨਾਲ ਗੁਰਬਾਣੀ ਨੂੰ ਇਸ ਦੇ ਮੂਲ ਰੂਪ ਵਿਚ ਸਮਝਣ ਵਿਚ ਸਹਾਇਤਾ ਮਿਲਦੀ ਹੈ।

(੨੧) ਕਿਰਤ ਗੁਰਮਤਿ ਤੋਂ ਉਲਟ ਨਾ ਹੋਵੇ ਅਤੇ ਕਿਰਤ ਸਮੇਤ ਕਿਸੇ ਵੀ ਸਮੇਂ ਬੇਈਮਾਨੀ ਨਾ ਕੀਤੀ ਜਾਵੇ।

(੨੨) ਆਪਣੀ ਕਮਾਈ ਵਿਚੋਂ ਵਿੱਤ ਅਨੁਸਾਰ ਦਸਵੰਧ ਲੋੜਵੰਦਾਂ ਦੀ ਯੋਗ ਮਦਦ ਜਾਂ ਗੁਰਮਤਿ ਪ੍ਰਚਾਰ ਲਈ ਵਰਤੋਂ ਵਿਚ ਲਿਆਂਦਾ ਜਾਵੇ।

ਪ੍ਰਕਾਸ਼ਕ : ਤੱਤ ਗੁਰਮਤਿ ਪਰਿਵਾਰ
ਫਿਉਚਰ ਪੈਕ ਹਾਇਰ ਸੈਕੰਡਰੀ ਸਕੂਲ, (ਨਜ਼ਦੀਕ ਏਅਰਪੋਰਟ) ਗਾਡੀਗੜ ਅੱਪਰ, ਜੰਮੂ (ਜੰਮੂ ਅਤੇ ਕਸ਼ਮੀਰ)
www.tattgurmat.org Email: tatgurmat@gmail.com Designed By S.J.Singh

# ਸ਼ੁੱਧ ਨਾਨਕਸ਼ਾਹੀ ਕੈਲੰਡਰ

ਸੰਮਤ ੫੪੬ (ਈਸਵੀ ੨੦੧੪-੧੫)

## ਧਰਮ ਦਾ ਸਰੂਪ

| | ਨਾਨਕ ਫਲਸਫੇ ਤੋਂ ਪਹਿਲਾਂ | | ਨਾਨਕ ਫਲਸਫੇ ਅਨੁਸਾਰ |
|---|---|---|---|
| ੭ | ਦੇਹ, ਮੂਰਤੀ, ਪੱਥਰ, ਆਕਾਰ ਪੂਜਾ ਆਦਿ ਕਰਮਕਾਂਡਾਂ ਨੂੰ ਧਰਮ ਮੰਨਣਾ। | ੭ | ਕੁਦਰਤ ਦੇ ਅਟੱਲ ਨਿਯਮਾਂ ਨੂੰ ਸਮਝਦਿਆਂ ਰੱਬੀ ਗੁਣਾਂ ਅਨੁਸਾਰ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਸਵੱਛ ਜੀਵਨ ਹੀ ਧਰਮ ਦੱਸਿਆ। |
| ੮ | ਸ੍ਰਿਸ਼ਟੀ ਦੀ ਰਚਨਾ ਅਤੇ ਸਰੂਪ ਬਾਰੇ ਗੈਰ-ਕੁਦਰਤੀ, ਤਰਕਹੀਣ ਅਤੇ ਹਾਸੋਹੀਣੀਆਂ ਮਾਨਤਾਵਾਂ ਨੂੰ ਸਹੀ ਮੰਨਣਾ। | ੮ | ਕੁਦਰਤ ਦੇ ਅਟੱਲ ਨਿਯਮਾਂ ਨੂੰ ਮਾਨਤਾ ਦਿੰਦਿਆਂ ਇਸ ਬ੍ਰਾਹਮੰਡੀ ਪਸਾਰੇ ਨੂੰ ਅਸੀਮ ਅਤੇ ਅਨੰਤ ਦਰਸਾਉਂਦਿਆਂ ਗਲਤ ਮਾਨਤਾਵਾਂ ਨੂੰ ਰੱਦ ਕੀਤਾ। ਇਸ ਸੱਚ ਦੀ ਪੁਸ਼ਟੀ ਵਿਗਿਆਨ ਵੀ ਕਰ ਰਿਹਾ ਹੈ। |

## ਭਾਦੋਂ (ਸੰਮਤ ੫੪੬) ਅਗਸਤ-ਸਿਤੰਬਰ (2014)

| ਸੋਮਵਾਰ MONDAY | ਮੰਗਲਵਾਰ TUESDAY | ਬੁਧਵਾਰ WEDNESDAY | ਵੀਰਵਾਰ THURSDAY | ਸ਼ੁਕਰਵਾਰ FRIDAY | ਸ਼ਨੀਵਾਰ SATURDAY | ਐਤਵਾਰ SUNDAY |
|---|---|---|---|---|---|---|
| | | | | | ੧ ਭਾਦੋਂ AUGUST 16 | ੨ ਭਾਦੋਂ AUGUST 17 |
| ੩ ਭਾਦੋਂ AUGUST 18 | ੪ ਭਾਦੋਂ AUGUST 19 | ੫ ਭਾਦੋਂ AUGUST 20 | ੬ ਭਾਦੋਂ AUGUST 21 | ੭ ਭਾਦੋਂ AUGUST 22 | ੮ ਭਾਦੋਂ AUGUST 23 | ੯ ਭਾਦੋਂ AUGUST 24 |
| ੧੦ ਭਾਦੋਂ AUGUST 25 | ੧੧ ਭਾਦੋਂ AUGUST 26 | ੧੨ ਭਾਦੋਂ AUGUST 27 | ੧੩ ਭਾਦੋਂ AUGUST 28 | ੧੪ ਭਾਦੋਂ AUGUST 29 | ੧੫ ਭਾਦੋਂ AUGUST 30 | ੧੬ ਭਾਦੋਂ AUGUST 31 |
| ੧੭ ਭਾਦੋਂ ‘ਸ਼ਬਦ ਗੁਰੂ ਗ੍ਰੰਥ ਸਾਹਿਬ’ ਸਥਾਪਨਾ ਦਿਵਸ SEP 1 | ੧੮ ਭਾਦੋਂ SEP 2 | ੧੯ ਭਾਦੋਂ SEP 3 | ੨੦ ਭਾਦੋਂ SEP 4 | ੨੧ ਭਾਦੋਂ SEP 5 | ੨੨ ਭਾਦੋਂ SEP 6 | ੨੩ ਭਾਦੋਂ SEP 7 |
| ੨੪ ਭਾਦੋਂ SEP 8 | ੨੫ ਭਾਦੋਂ SEP 9 | ੨੬ ਭਾਦੋਂ SEP 10 | ੨੭ ਭਾਦੋਂ SEP 11 | ੨੮ ਭਾਦੋਂ SEP 12 | ੨੯ ਭਾਦੋਂ SEP 13 | ੩੦ ਭਾਦੋਂ SEP 14 |

### ਸਿੱਖ ਇਤਿਹਾਸ ਦੇ ਪ੍ਰਮੁੱਖ ਦਿਹਾੜੇ

ਮੋਰਚਾ ਗੁਰੂ ਕਾ ਬਾਗ ਦਿਵਸ – ੯ ਭਾਦੋਂ (23 Aug)
ਪਹਿਲਾ ਪ੍ਰਕਾਸ਼ ਸ਼ਬਦ ਗੁਰੂ ਗ੍ਰੰਥ ਸਾਹਿਬ ਜੀ – ੧੭ ਭਾਦੋਂ (1 Sep)

### ‘ਸ਼ਬਦ ਗੁਰੂ ਗ੍ਰੰਥ ਸਾਹਿਬ’ ਸਥਾਪਨਾ ਦਿਵਸ

ਦੂਜਾ ਪੁਰਬ : ‘ਸ਼ਬਦ ਗੁਰੂ ਗ੍ਰੰਥ ਸਾਹਿਬ’ ਸਥਾਪਨਾ ਦਿਵਸ – ੧੭ ਭਾਦੋਂ (1 Sep)
(ਗੁਰਮਤਿ ਦੇ ਪ੍ਰਮਾਣੀਕ ਸੋਮੇ ‘ਸ਼ਬਦ ਗੁਰੂ ਗ੍ਰੰਥ ਸਾਹਿਬ ਜੀ’ ਵਿਚ ਸ਼ਾਮਲ ਸਮੁੱਚੇ ਬਾਣੀ ਰਚੈਇਤਾਂ ਨੂੰ ਸਮਰਪਿਤ ਸਾਂਝਾ ਪੁਰਬ)
(ਗੁਰਮਤਿ ਜੀਵਨ ਸੇਧਾਂ ਅਨੁਸਾਰ)

### International days for humanity

World Humanitarian Day - 19 Aug (੪ ਭਾਦੋਂ)
International Day Against Nuclear Tests - 29 Aug (੧੪ ਭਾਦੋਂ)
International Day of Charity - 05 Sep (੨੧ ਭਾਦੋਂ)
International Literacy Day- 08 Sep (੨੪ ਭਾਦੋਂ)
World Suicide Prevention Day - 10 Sep (੨੬ ਭਾਦੋਂ)

### ਪ੍ਰੋ. ਇੰਦਰ ਸਿੰਘ ਘੱਗਾ ਦੀਆਂ ਕੁਝ ਪੁਸਤਕਾਂ

੭. ਬੇਗਾਨੀ ਧੀ, ਪਰਾਇਆ ਧਨ..?
੮. ਚੌਣਵਾਂ ਸਾਖੀ ਸਾਹਿਤ
੯. ਪੌਰਾਣਕ ਕਥਾਵਾਂ ਦਾ ਅੰਤ
੧੦. ਕਿਵੇਂ ਕੀਤਾ ਜਾ ਰਿਹੈ ਸਿੱਖਾਂ ਦਾ ਸਰਬਨਾਸ਼
੧੧. ਕਸੂਰਵਾਰ ਕੌਣ ?
੧੨. ਜਿਨ੍ਹਾਂ ਨਾਮ ਜਪਿਆ, ਤਿਨ੍ਹਾਂ ਤੇਗ ਵਾਹੀ

ਸੰਪਰਕ : 09855151699

ਵਿਸ਼ੇਸ਼ ਨੋਟ: ਉਪਰੋਕਤ ਪੁਸਤਕਾਂ ਦੀ ਸਾਮੱਗਰੀ ਨਾਲ ‘ਤੱਤ ਗੁਰਮਤਿ ਪਰਿਵਾਰ’ ਦਾ ਪੂਰੀ ਤਰ੍ਹਾਂ ਸਹਿਮਤ ਹੋਣਾ ਜ਼ਰੂਰੀ ਨਹੀਂ।

## ਗੁਰਦੁਆਰਾ

ਸੰਕਲਪ : ਗੁਰਦੁਆਰਾ, ‘ਸ਼ਬਦ ਗੁਰੂ ਗ੍ਰੰਥ ਸਾਹਿਬ ਜੀ’ (ਗੁਰਮਤਿ) ਦੀ ਰੌਸ਼ਨੀ ਵਿਚ ਵਿਚਾਰ ਲਈ ਸੰਗਤ ਦੇ ਜੁੜਣ ਦੀ ਥਾਂ ਅਤੇ ਮਨੁੱਖ ਦੇ ਸਰਬਪੱਖੀ ਵਿਕਾਸ ਲਈ ਇਕ ਕਾਰਜਸ਼ਾਲਾ ਹੈ।

(੧) ਗੁਰਦੁਆਰੇ ਦੀ ਹਦੂਦ ਵਿਚ ਨਿਸ਼ਾਨ ਦਾ ਹੋਣਾ ਲਾਜ਼ਮੀ ਹੈ। ਨਿਸ਼ਾਨ ਦੇ ਕਪੜੇ ਦਾ ਰੰਗ ਸੁਰਮਈ ਹੋਵੇ। ਇਸ ਨੂੰ ਮੱਥੇ ਟੇਕਣਾ, ਪਰਕਰਮਾ ਕਰਨੀ ਮਨਮਤਿ ਹੈ। ਨਿਸ਼ਾਨ ਗੁਰਦੁਆਰੇ ਦੀ ਸਭ ਤੋਂ ਉਪਰਲੀ ਛੱਤ ਦੇ ਉੱਪਰ ਲਾਇਆ ਜਾਵੇ ਅਤੇ ਕਾਫੀ ਦੂਰ ਤੋਂ ਨਜ਼ਰ ਆਉਂਦਾ ਹੋਵੇ।
(੨) ਗੁਰਦੁਆਰੇ ਵਿਚ ‘ਸ਼ਬਦ ਗੁਰੂ ਗ੍ਰੰਥ ਸਾਹਿਬ ਜੀ’ ਦੀ ਬਾਣੀ ਦੇ ਪ੍ਰਕਾਸ਼ ਦਾ ਹੋਣਾ ਲਾਜ਼ਮੀ ਹੈ।
(੩) ‘ਸ਼ਬਦ ਗੁਰੂ ਗ੍ਰੰਥ ਸਾਹਿਬ ਜੀ’ ਦੇ ਸਰੂਪ ਪ੍ਰਕਾਸ਼ ਕਰਨਾ ਹੋਵੇ ਤਾਂ ਲੋੜੀਂਦਾ ਸਮਾਨ ਵਰਤਿਆ ਜਾਵੇ, ਜੋ ਸਾਦਾ ਹੋਵੇ।
(੪) ‘ਸ਼ਬਦ ਗੁਰੂ ਗ੍ਰੰਥ ਸਾਹਿਬ ਜੀ’ ਦੇ ਪ੍ਰਕਾਸ਼ ਨਾਲ ਸੰਬੰਧਿਤ ਸਮਾਨ/ਸਾਧਨ ਦਾ ਪ੍ਰਬੰਧ ਗੁਰਦੁਆਰਾ ਪ੍ਰਬੰਧਕ ਲੋੜ ਮੁਤਾਬਿਕ ਆਪ ਕਰਨ। ਸ਼ਰਧਾ ਦੇ ਭਰਮ ਹੇਠ ਰੁਮਾਲੇ/ਚੰਦੋਏ ਆਦਿ ਨਾ ਚੜ੍ਹਾਏ ਜਾਣ।
(੫) ‘ਸ਼ਬਦ ਗੁਰੂ ਗ੍ਰੰਥ ਸਾਹਿਬ ਜੀ’ ਦੀ ਹਜ਼ੂਰੀ ਵਿਚ ਧੂਫ, ਦੀਵੇ ਆਦਿ ਜਗਾਉਣਾ ਜਾਂ ਇਨ੍ਹਾਂ ਨਾਲ ਆਰਤੀ ਕਰਨੀ, ਜੋਤਾਂ ਜਗਾਉਣੀਆਂ, ਟੱਲ ਖੜਕਾਉਣੇ, ਕੁੰਭ-ਨਾਰੀਅਲ ਰੱਖਣੇ, ਘੜਿਆਲ, ਮੂਰਤੀਆਂ, ਫੁੱਲਾਂ ਦੀ ਵਰਖਾ, ਸਸ਼ਤਰ ਸਜਾਉਣਾ ਆਦਿ ਮਨਮਤਿ ਹੈ।
(੬) ਗੁਰਦੁਆਰਾ ਕੰਪਲੈਕਸ (ਜਾਂ ਹਾਲ) ਵਿਚ ਹਾਰ, ਸਜਾਵਟੀ ਚਮਕਾਰੇ ਮਾਰਦੀਆਂ ਲਾਈਟਾਂ, ਲੜੀਆਂ, ਬੇਲੋੜੀ ਸਜਾਵਟ ਆਦਿ ਸੰਗਤ ਦਾ ਧਿਆਨ ਗੁਰਬਾਣੀ ਤੋਂ ਹਟਾਉਂਦੇ ਹਨ, ਸੋ ਨਾ ਕੀਤਾ ਜਾਵੇ। ਗੁਰਮਤਿ ਸਮਾਗਮ ਸਾਦੇ ਅਤੇ ਘੱਟ ਖਰਚੀਲੇ ਹੋਣ। ਗੁਰਦੁਆਰਾ ਹਦੂਦ ਵਿਚ ਰਸਮ ਜਾਂ ਤਿਉਹਾਰ ਵਜੋਂ ਮੋਮਬਤੀਆਂ ਜਗਾਉਣੀਆਂ ਅਤੇ ਆਤਿਸ਼ਬਾਜ਼ੀ ਮਨਮਤਿ ਹੈ।
(੭) ਗੁਰਦੁਆਰੇ ਦੀ ਇਮਾਰਤ ਸਾਦੀ ਹੋਵੇ। ਇਸ ਉੱਪਰ ਸੋਨਾ, ਬੇਲੋੜਾ ਸੰਗਮਰਮਰ ਆਦਿ ਨਾ ਲਾਇਆ ਜਾਵੇ।
(੮) ਗੁਰਦੁਆਰਾ ਕੰਪਲੈਕਸ ਦੀ ਹਦੂਦ ਵਿਚ ਸ਼ਿਵਲਿੰਗ/ਸਮਾਧ/ਮੜੀ/ਸ਼ਹੀਦੀ ਥੜਾ ਸਮੇਤ ਕੋਈ ਵੀ ਗੁਰਮਤਿ ਵਿਰੋਧੀ ਚਿੰਨ੍ਹ/ਉਸਾਰੀ ਨਾ ਹੋਵੇ।
(੯) ਸਿਰਫ ਰੁਮਾਲਾ ਚੁੱਕ ਕੇ ‘ਸ਼ਬਦ ਗੁਰੂ ਗ੍ਰੰਥ ਸਾਹਿਬ ਜੀ’ ਦੇ ਦਰਸ਼ਨ ਕਰ ਲੈਣ ਦਾ ਵਹਿਮ ਮਨਮਤਿ ਹੈ। ਅਸਲ ਦਰਸ਼ਨ ਸ਼ਬਦ-ਵਿਚਾਰ ਹੈ।
(੧੦) ‘ਸ਼ਬਦ ਗੁਰੂ ਗ੍ਰੰਥ ਸਾਹਿਬ ਜੀ’ ਦੇ ਪ੍ਰਕਾਸ਼ ਵਾਲੇ ਪੀੜ੍ਹੇ ਹੇਠ ਪਾਣੀ, ਪਰਚੀਆਂ ਰੱਖਣੀਆਂ, ਪੀੜ੍ਹੇ ਜਾਂ ਨਿਸ਼ਾਨ ਨੂੰ ਰੱਖੜੀਆਂ ਬੰਨਣੀਆਂ, ਮੁੱਠੀ-ਚਾਪੀ ਕਰਨੀ ਆਦਿ ਗੁਰਮਤਿ ਦੇ ਉਲਟ (ਕਰਮਕਾਂਡ) ਹਨ।
(੧੧) ਦੀਵਾਨ (ਹਾਲ) ਵਿਚ ਜੇ ਕਰ ਪ੍ਰਕਾਸ਼ ਕਰਨਾ ਹੋਵੇ ਤਾਂ ਸਿਰਫ ਤੇ ਸਿਰਫ ‘ਇਕੋ’ ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦਾ ਪ੍ਰਕਾਸ਼ ਹੋਵੇ। ‘ਸ਼ਬਦ ਗੁਰੂ ਗ੍ਰੰਥ ਸਾਹਿਬ ਜੀ’ ਦੇ ਬਰਾਬਰ ਕਿਸੇ ਹੋਰ ਗ੍ਰੰਥ, ਤਸਵੀਰ, ਮੂਰਤੀ ਜਾਂ ਦੇਹਧਾਰੀ ਦਾ ਪ੍ਰਕਾਸ਼/ਸਥਾਪਨਾ/ਪੂਜਾ ਕਰਨਾ ਮਨਮਤਿ ਹੈ।
(੧੨) ਗੁਰਦੁਆਰਾ ਕੰਪਲੈਕਸ ਵਿਚ ਗੋਲਕ ਨਹੀਂ ਹੋਣੀ ਚਾਹੀਦੀ। ਜੋ ਵੀ ਭੇਟਾ ਕਰਨਾ ਹੋਵੇ, ਉਹ ਉਚਿਤ ਰਸੀਦ ਕਟਵਾ ਕੇ ਕੀਤੀ ਜਾਵੇ। ਮੱਥਾ ਟੇਕਣ ਵੇਲੇ ‘ਸ਼ਬਦ ਗੁਰੂ ਗ੍ਰੰਥ ਸਾਹਿਬ ਜੀ’ ਦੇ ਸਰੂਪ ਸਾਹਮਣੇ ਧਨ ਜਾਂ ਕੋਈ ਹੋਰ ਪਦਾਰਥ ਨਾ ਚੜ੍ਹਾਇਆ ਜਾਵੇ। ਗੁਰਮਤਿ ਦੀਵਾਨ/ਪ੍ਰਚਾਰ ਵਿਚ ਕੀਰਤਨ, ਕਥਾ ਆਦਿ ਦੀ ਸੇਵਾ ਨਿਸ਼ਕਾਮ ਗੁਰਮੁੱਖ ਜਨਾਂ ਵਲੋਂ ਨਿਭਾਈ ਜਾਵੇ। ਧਨ ਲੈ ਕੇ ਕੋਈ ਧਾਰਮਿਕ ਸੇਵਾ ਨਿਭਾਉਣਾ ‘ਪੁਜਾਰੀਵਾਦ’ ਹੈ, ਜਿਸ ਨੂੰ ਗੁਰਮਤਿ ਮਾਨਤਾ ਨਹੀਂ ਦੇਂਦੀ। ਕੀਰਤਨ/ਕਥਾ ਆਦਿ ਦੀ ਸੇਵਾ ਨਿਭਾ ਰਹੇ ਵਿਅਕਤੀ ਨੂੰ ਸੇਵਾ ਕਰਦੇ ਸਮੇਂ ਭੇਟਾ ਨਾ ਦਿਤੀ ਜਾਵੇ।
(੧੩) ‘ਸ਼ਬਦ ਗੁਰੂ ਗ੍ਰੰਥ ਸਾਹਿਬ ਜੀ’ ਦੀ ਹਜ਼ੂਰੀ ਵਿਚ ਗਦੇਲਾ/ਆਸਣ/ਕੁਰਸੀ ਆਦਿ ਲਾ ਕੇ ਸੰਗਤ ਤੋਂ ਵੱਖਰੇ ਢੰਗ ਨਾਲ ਬੈਠਣ ਦਾ ਉਚੇਚ ਮਨਮਤਿ ਹੈ। ਜਿਸਮਾਨੀ ਬੀਮਾਰੀ/ਮਜ਼ਬੂਰੀ ਦੀ ਹਾਲਤ ਵਿਚ ਕੁਰਸੀ/ਸਟੂਲ ਆਦਿ ਵਰਤ ਲੈਣ ਵਿਚ ਕੋਈ ਹਰਜ਼ ਨਹੀਂ, ਪਰ ਐਸਾ ਇੰਤਜਾਮ ਯੋਗ ਥਾਂ ’ਤੇ (ਦੀਵਾਰਾਂ ਦੇ ਨਾਲ) ਹੋਵੇ।
(੧੪) ਦੀਵਾਨ ਵਿਚ ਬੈਠਣ, ਲੰਗਰ ਛਕਣ ਜਾਂ ਗੁਰਦੁਆਰੇ ਵਿਚ ਸੇਵਾ ਕਰਨ ਲਈ ਦੇਸ਼, ਮਜ਼ਹਬ, ਜ਼ਾਤ, ਨਸਲ, ਲਿੰਗ ਆਦਿ ਕਿਸੇ ਵਿਤਕਰੇ ਦੇ ਆਧਾਰ ’ਤੇ ਕੋਈ ਮਨਾਹੀ ਨਹੀਂ ਹੈ, ਪਰ ਵਿਅਕਤੀ ਕੋਲ ਤੰਬਾਕੂ, ਸ਼ਰਾਬ, ਅਫੀਮ ਆਦਿ ਕੋਈ ਵੀ ਨਸ਼ੀਲਾ ਪਦਾਰਥ ਨਾ ਹੋਵੇ ਅਤੇ ਨਾ ਹੀ ਐਸੇ ਕਿਸੇ ਨਸ਼ੇ ਦੀ ਹਾਲਤ ਵਿਚ ਹੋਵੇ। **(ਬਾਕੀ ਅਗਲੇ ਸਫ਼ੇ ’ਤੇ)**

**ਪ੍ਰਕਾਸ਼ਕ : ਤੱਤ ਗੁਰਮਤਿ ਪਰਿਵਾਰ**
ਫਿਊਚਰ ਪੈਕ ਹਾਇਰ ਸੈਕੰਡਰੀ ਸਕੂਲ, (ਨਜ਼ਦੀਕ ਏਅਰਪੋਰਟ) ਗਾਡੀਗੜ ਅੱਪਰ, ਜੰਮੂ (ਜੰਮੂ ਅਤੇ ਕਸ਼ਮੀਰ)
www.tattgurmat.org Email: tatgurmat@gmail.com

# ਸ਼ੁੱਧ ਨਾਨਕਸ਼ਾਹੀ ਕੈਲੰਡਰ

## ਸੰਮਤ ੫੪੬ (ਈਸਵੀ ੨੦੧੪-੧੫)

### ਧਰਮ ਦਾ ਸਰੂਪ

| | ਨਾਨਕ ਫਲਸਫੇ ਤੋਂ ਪਹਿਲਾਂ | | ਨਾਨਕ ਫਲਸਫੇ ਅਨੁਸਾਰ |
|---|---|---|---|
| ੯ | ਵਰਨ-ਵੰਡ, ਲਿੰਗ, ਰੰਗ, ਨਸਲ ਆਦਿ ਦੇ ਆਧਾਰ ਤੇ ਸਮਾਜ ਵਿਚ ਗੈਰ-ਕੁਦਰਤੀ ਵਿਤਕਰਿਆਂ ਨੂੰ ਧਰਮ ਦੀ ਆੜ ਵਿਚ ਮਾਨਤਾ ਦੇਣਾ। | ੯ | ਸ਼੍ਰੇਣੀ-ਰਹਿਤ ਮਨੁੱਖੀ ਸਮਾਜ ਦੀ ਸਿਰਜਣਾ ਦਾ ਸੰਕਲਪ ਉਜਾਗਰ ਕਰਕੇ ਮਨੁੱਖੀ ਵੰਡੀਆਂ ਨੂੰ ਅਸਵੀਕਾਰ ਕਰਦਿਆਂ 'ਏਕ ਪਿਤਾ ਏਕਸ ਕੇ ਹਮ ਬਾਰਕ' ਦਾ ਹੋਕਾ ਦਿਤਾ। |
| ੧੦ | ਆਤਮਾ ਦੀ ਹੋਂਦ, ਸੁਰਗ ਨਰਕ, ੮੪ ਲੱਖ ਜੂਨਾਂ, ਪੁਨਰ ਜਨਮ ਆਦਿ ਭਰਮਾਊ , ਡਰਾਊ ਅਤੇ ਆਪਾ-ਵਿਰੋਧੀ ਭ੍ਰਾਂਤੀਆਂ ਫੈਲਾ ਕੇ ਮੁਕਤੀ ਦੇ ਨਾਂ ਹੇਠ ਮਨੁੱਖੀ ਲੁੱਟ ਦੇ ਸਾਧਨ ਕਰਮਕਾਂਡਾਂ ਨੂੰ ਧਰਮ ਦਾ ਮਾਰਗ ਦਰਸਾਉਣਾ। | ੧੦ | 'ਜੀਵਨ-ਮੁਕਤ' ਦਾ ਲਾਸਾਨੀ ਅਤੇ ਨਵੀਨ ਸੰਕਲਪ ਸਮਝਾਉਂਦਿਆਂ ਪਹਿਲਾਂ ਪ੍ਰਚਲਿਤ ਸਮੁੱਚੀਆਂ ਭਰਮਾਊ ਮਾਨਤਾਵਾਂ ਨੂੰ ਨਕਾਰ ਦਿਤਾ। |

### ਅੱਸੂ (ਸੰਮਤ ੫੪੬) ਸਿਤੰਬਰ-ਅਕਤੂਬਰ (2014)

| ਸੋਮਵਾਰ<br>MONDAY | ਮੰਗਲਵਾਰ<br>TUESDAY | ਬੁਧਵਾਰ<br>WEDNESDAY | ਵੀਰਵਾਰ<br>THURSDAY | ਸ਼ੁਕਰਵਾਰ<br>FRIDAY | ਸ਼ਨੀਵਾਰ<br>SATURDAY | ਐਤਵਾਰ<br>SUNDAY |
|---|---|---|---|---|---|---|
| ੧ ਅੱਸੂ<br>SEP 15 | ੨ ਅੱਸੂ<br>SEP 16 | ੩ ਅੱਸੂ<br>SEP 17 | ੪ ਅੱਸੂ<br>SEP 18 | ੫ ਅੱਸੂ<br>SEP 19 | ੬ ਅੱਸੂ<br>SEP 20 | ੭ ਅੱਸੂ<br>SEP 21 |
| ੮ ਅੱਸੂ<br>SEP 22 | ੯ ਅੱਸੂ<br>SEP 23 | ੧੦ ਅੱਸੂ<br>SEP 24 | ੧੧ ਅੱਸੂ<br>SEP 25 | ੧੨ ਅੱਸੂ<br>SEP 26 | ੧੩ ਅੱਸੂ<br>SEP 27 | ੧੪ ਅੱਸੂ<br>SEP 28 |
| ੧੫ ਅੱਸੂ<br>SEP 29 | ੧੬ ਅੱਸੂ<br>SEP 30 | ੧੭ ਅੱਸੂ<br>OCT 1 | ੧੮ ਅੱਸੂ<br>OCT 2 | ੧੯ ਅੱਸੂ<br>OCT 3 | ੨੦ ਅੱਸੂ<br>OCT 4 | ੨੧ ਅੱਸੂ<br>OCT 5 |
| ੨੨ ਅੱਸੂ<br>OCT 6 | ੨੩ ਅੱਸੂ<br>OCT 7 | ੨੪ ਅੱਸੂ<br>OCT 8 | ੨੫ ਅੱਸੂ<br>OCT 9 | ੨੬ ਅੱਸੂ<br>OCT 10 | ੨੭ ਅੱਸੂ<br>OCT 11 | ੨੮ ਅੱਸੂ<br>OCT 12 |
| ੨੯ ਅੱਸੂ<br>OCT 13 | ੩੦ ਅੱਸੂ<br>OCT 14 | | | | | |

### ਸਿੱਖ ਇਤਿਹਾਸ ਦੇ ਪ੍ਰਮੁੱਖ ਦਿਹਾੜੇ

- ਜੋਤੀ ਜੋਤ ਦਿਵਸ ਪਾ : ੩ ਅਤੇ ੪ – ੨ ਅੱਸੂ (16 Sep)
- ਉਤਰਾਧਿਕਾਰ ਦਿਵਸ ਪਾ: ੪ ਅਤੇ ਪਾ : ੫ – ੨ ਅੱਸੂ (16 Sep)
- ਉਤਰਾਧਿਕਾਰ ਦਿਵਸ ਪਾ : ੨ – ੪ ਅੱਸੂ (18 Sep)
- ਜੋਤੀ ਜੋਤ ਦਿਵਸ ਪਾ: ੧ – ੮ ਅੱਸੂ (22 Sep)
- ਜਨਮ ਦਿਵਸ ਪਾ: ੪ – ੨੫ ਅੱਸੂ (9 Oct)

### International days for humanity

- International Day of Democracy - 15 Sep (੧ ਅੱਸੂ)
- International Day of Peace - 21 Sep (੭ ਅੱਸੂ)
- International Day of Older Persons - 01 Oct (੧੭ ਅੱਸੂ)
- International Day of Non-Violence - 02 Oct (੧੮ ਅੱਸੂ)
- World Teachers' Day - 05 Oct (੨੧ ਅੱਸੂ)
- World Sight Day - 09 Oct (੨੫ ਅੱਸੂ)
- World Mental Health Day - 10 Oct (੨੬ ਅੱਸੂ)
- International Day of the Girl Child - 11 Oct – (੨੭ ਅੱਸੂ)

### ਬਲਦੇਵ ਸਿੰਘ ਜੀ ਟੋਰਾਂਟੋ (ਕੈਨੇਡਾ) ਦੀਆਂ ਪੁਸਤਕਾਂ

੧. ਸਿਧ ਗੋਸਟਿ ਸਟੀਕ
੨. ਗੁਰਮਤਿ ਦਾ ਚਸ਼ਮਾ ਭੱਟ ਬਾਣੀ
੩. ਚੋਣਵੇਂ ਸ਼ਬਦਾਂ ਦੀ ਵਿਆਖਿਆ
ਸੰਪਰਕ : baldevssandhu@yahoo.ca

### ਡਾ. ਦਲਜੀਤ ਸਿੰਘ 'ਅਮ੍ਰਿਤਸਰ' ਦੀਆਂ ਪੁਸਤਕਾਂ

੧. ਸੱਚ ਦੀ ਭਾਲ ਵਿਚ
੨. ਦੂਜਾ ਪਾਸਾ
ਸੰਪਰਕ ਨੰ: 09815000207

ਵਿਸ਼ੇਸ਼ ਨੋਟ: ਉਪਰੋਕਤ ਪੁਸਤਕਾਂ ਦੀ ਸਾਮੱਗਰੀ ਨਾਲ 'ਤੱਤ ਗੁਰਮਤਿ ਪਰਿਵਾਰ' ਦਾ ਪੂਰੀ ਤਰ੍ਹਾਂ ਸਹਿਮਤ ਹੋਣਾ ਜ਼ਰੂਰੀ ਨਹੀਂ।

### ਗੁਰਦੁਆਰਾ :

(੧੫) ਦੀਵਾਨ ਹਾਲ, ਲੰਗਰ ਹਾਲ ਆਦਿ ਵਿਚ ਸਿਰ ਢੱਕ ਕੇ ਜਾਣਾ ਲਾਜ਼ਮੀ ਹੈ। ਪਹਿਰਾਵਾ ਸਾਦਾ ਹੋਵੇ ਅਤੇ ਭੜਕੀਲੇ ਪਹਿਰਾਵੇ ਤੋਂ ਗੁਰੇਜ਼ ਕੀਤਾ ਜਾਵੇ।

(੧੬) ਗੁਰਦੁਆਰੇ ਵਿਚ ਗੁਰਮਤਿ ਵਿਰੋਧੀ ਕੋਈ ਤਿਉਹਾਰ, ਰਸਮ, ਸੰਸਕਾਰ, ਸਮਾਗਮ ਆਦਿ ਨਾ ਕੀਤਾ ਜਾਵੇ।

(੧੭) 'ਸ਼ਬਦ ਗੁਰੂ ਗ੍ਰੰਥ ਸਾਹਿਬ ਜੀ' ਦਾ ਸਰੂਪ ਇਕ ਥਾਂ ਤੋਂ ਦੂਜੀ ਥਾਂ ਲਿਜਾਣ ਵੇਲੇ ਸਤਿਕਾਰ ਦਾ ਖਿਆਲ ਰੱਖਿਆ ਜਾਵੇ। ਨੰਗੇ ਪੈਰ, ਪੈਦਲ ਜਾਂ ਕਿਸੇ ਹੋਰ ਖਾਸ ਵਾਹਨ ਆਦਿ ਵਿਚ ਲਿਜਾਉਣ ਸੰਬੰਧੀ ਕੋਈ ਭਰਮ ਨਾ ਪਾਲਿਆ ਜਾਵੇ। ਸਤਿਕਾਰ ਦੇ ਨਾਮ 'ਤੇ ਸੋਨੇ ਦੀ ਪਾਲਕੀ ਆਦਿ ਬੇਲੋੜੇ ਵਿਖਾਵੇ ਗੁਰਮਤਿ ਅਨੁਸਾਰੀ ਨਹੀਂ। ਸਰੂਪ ਦੇ ਸਾਹਮਣੇ ਤੁਪਕਾ-ਤੁਪਕਾ ਪਾਣੀ ਦਾ ਛਿੜਕਾਅ ਕਰਨਾ ਵੀ ਮਨਮਤਿ ਹੈ। ਸੇਵਾਦਾਰਾਂ ਦੀ ਗਿਣਤੀ ਆਦਿਕ ਸੰਬੰਧੀ ਵੀ ਕੋਈ ਭਰਮ ਨਾ ਕੀਤਾ ਜਾਵੇ।

(੧੮) 'ਸ਼ਬਦ ਗੁਰੂ ਗ੍ਰੰਥ ਸਾਹਿਬ ਜੀ' ਦੀ ਸੇਵਾ ਸੰਭਾਲ ਸਰਲ, ਸਾਦੀ ਅਤੇ ਵਿਖਾਵੇ ਰਹਿਤ ਹੋਵੇ।

(੧੯) ਗੁਰਮਤਿ ਦੀਵਾਨ ਵਿਚ 'ਸ਼ਬਦ ਵੀਚਾਰ' ਨੂੰ ਪਹਿਲ ਦਿਤੀ ਜਾਵੇ।

(੨੦) ਦੀਵਾਨ ਵਿਚ ਆ ਕੇ ਸਿਰਫ 'ਸ਼ਬਦ ਗੁਰੂ ਗ੍ਰੰਥ ਸਾਹਿਬ ਜੀ' ਦੇ ਸਾਹਮਣੇ ਮੱਥਾ ਟੇਕ ਕੇ ਯੋਗ ਥਾਂ 'ਤੇ ਬੈਠਿਆ ਜਾਵੇ। 'ਸ਼ਬਦ ਗੁਰੂ ਗ੍ਰੰਥ ਸਾਹਿਬ ਜੀ' ਦੀ ਪ੍ਰਕਰਮਾ ਕਰਨਾ ਜਾਂ ਥਾਂ-ਥਾਂ ਮੱਥੇ ਟੇਕਣਾ ਗੁਰਮਤਿ ਅਨੁਸਾਰੀ ਨਹੀਂ।

(੨੧) ਦੀਵਾਨ ਵੇਲੇ ਸੰਗਤ ਵਿਚ ਕੋਈ ਆਪਸ ਵਿਚ ਗੱਲਬਾਤ ਨਾ ਕਰੇ। ਜੇ ਗੱਲ ਕਰਨਾ ਬਹੁਤ ਜ਼ਰੂਰੀ ਹੋਵੇ ਤਾਂ ਉਹ ਦੀਵਾਨ ਤੋਂ ਬਾਹਰ ਜਾ ਕੇ ਕੀਤੀ ਜਾਵੇ। ਦੀਵਾਨ ਦੌਰਾਨ ਮੋਬਾਇਲ ਫੋਨ ਆਦਿ ਯੰਤਰ ਸਵਿੱਚ ਆਫ ਜਾਂ ਵਾਈਬਰੇਸ਼ਨ 'ਤੇ ਰੱਖਿਆ ਜਾਵੇ।

(੨੨) ਦੀਵਾਨ ਦੌਰਾਨ ਸਪੀਕਰ ਦੀ ਆਵਾਜ਼ ਗੁਰਦੁਆਰਾ ਕੰਪਲੈਕਸ (ਦੀਵਾਨ ਦੀ ਥਾਂ) ਤੱਕ ਹੀ ਮਹਿਦੂਦ ਰੱਖੀ ਜਾਵੇ।

(੨੩) ਗੁਰਦੁਆਰਾ ਕੰਪਲੈਕਸ ਵਿਚ ਲਾਈਬਰੇਰੀ ਅਤੇ ਰਿਆਇਤੀ ਜਾਂ ਫ੍ਰੀ ਡਿਸਪੈਂਸਰੀ/ਹਾਸਪਿਟਲ ਸਮੇਤ ਲੋੜਵੰਦਾਂ ਦੀ ਯੋਗ ਸਹਾਇਤਾ ਲਈ ਹੋਰ ਅਦਾਰੇ ਚਲਾਉਣ ਦਾ ਹਰ ਸੰਭਵ ਯਤਨ ਕੀਤਾ ਜਾਵੇ।

(੨੪) ਗੁਰਦੁਆਰਾ/ਦੀਵਾਨ ਵਿਚ ਜਾਣ ਵੇਲੇ ਜੋੜੇ ਲਾਹ ਕੇ, ਹੱਥ ਪੈਰ ਸਾਫ ਕਰਕੇ ਅੰਦਰ ਜਾਇਆ ਜਾਵੇ। ਪੈਰ ਧੋਣ ਵਾਲੇ ਚੁਬੱਚੇ ਵਿਚੋਂ ਪਾਣੀ ਦੇ ਚੁਲੇ ਲੈ ਕੇ ਛਕਣਾ ਵਹਿਮ ਅਤੇ ਕਰਮਕਾਂਡ ਹੈ। ਸੰਗਤ ਦੇ ਜੋੜਿਆਂ ਹੇਠ ਲਗੀ ਧੂੜ ਨੂੰ 'ਪਵਿੱਤਰ' ਮੰਨਣਾ ਵੀ ਵਹਿਮ ਹੈ।

(੨੫) ਦੀਵਾਨ ਹਾਲ ਵਿਚ ਨਾਨਕ ਸਰੂਪਾਂ ਸਮੇਤ ਕਿਸੇ ਦੀ ਵੀ ਤਸਵੀਰ/ਮੂਰਤੀ ਆਦਿ ਨਹੀਂ ਹੋਣੀ ਚਾਹੀਦੀ। ਇਤਿਹਾਸ ਦਰਸਾਉਣ ਲਈ ਦੀਵਾਨ ਹਾਲ ਤੋਂ ਵੱਖਰੀ ਥਾਂ 'ਤੇ ਤਸਵੀਰਾਂ, ਇਤਿਹਾਸਿਕ ਨਿਸ਼ਾਨੀਆਂ, ਗੁਰਬਾਣੀ ਤੁੱਕਾਂ ਵਾਲੇ ਬੈਨਰਾਂ ਆਦਿ ਦੀ ਵਰਤੋਂ ਕੀਤੀ ਜਾ ਸਕਦੀ ਹੈ। ਪਰ ਉਸ ਥਾਂ ਦੇ 'ਪ੍ਰਵੇਸ਼ ਦੁਆਰ' 'ਤੇ ਵੱਡੇ ਅਤੇ ਆਕਰਸ਼ਕ ਲਫਜ਼ਾਂ ਵਿਚ ਇਹ ਨੋਟਿਸ ਲਿੱਖ ਕੇ ਲਾਇਆ ਜਾਵੇ, "ਇਨ੍ਹਾਂ ਤਸਵੀਰਾਂ/ਨਿਸ਼ਾਨੀਆਂ ਆਦਿ ਦਾ ਮਕਸਦ ਸਿਰਫ ਇਤਿਹਾਸ ਦੀ ਸੋਝੀ ਕਰਵਾਉਣਾ ਹੈ। ਇਨ੍ਹਾਂ ਨੂੰ ਮੱਥੇ ਟੇਕਣਾ/ਚੜ੍ਹਾਵਾ ਚੜ੍ਹਾਉਣਾ ਗਲਤ ਹੈ"।

(੨੬) ਇਕ ਕਸਬੇ/ਪਿੰਡ ਵਿਚ ਇਕ ਹੀ ਸਾਂਝਾ ਗੁਰਦੁਆਰਾ ਹੋਵੇ। ਜ਼ਾਤ ਬਰਾਦਰੀਆਂ, ਧੜਿਆਂ ਦੇ ਆਧਾਰ 'ਤੇ ਥਾਂ-ਥਾਂ ਗੁਰਦੁਆਰੇ ਬਣਾਉਣੇ ਮਨਮਤਿ ਦੇ ਨਾਲ-ਨਾਲ ਕੌਮੀ ਧਨ ਦੀ ਬਰਬਾਦੀ ਹੈ।

(੨੭) ਨਿਸ਼ਾਨ/ਥੜੇ ਆਦਿ ਨੂੰ ਕੱਚੀ ਲੱਸੀ ਨਾਲ ਧੋਣਾ ਮਨਮਤਿ ਹੈ।

(੨੮) 'ਸ਼ਬਦ ਗੁਰੂ ਗ੍ਰੰਥ ਸਾਹਿਬ ਜੀ' ਦੇ ਸਰੂਪ ਦਾ ਪ੍ਰਕਾਸ਼ ਲੋੜ ਅਨੁਸਾਰ ਦੀਵਾਨ ਵੇਲੇ ਹੀ ਕੀਤਾ ਜਾਣਾ ਚਾਹੀਦਾ ਹੈ।

(੨੯) ਆਮ ਕਰਕੇ ਦੀਵਾਨ ਦੀ ਰੂਪ ਰੇਖਾ ਇਵੇਂ ਹੋਵੇ:- ਪ੍ਰਕਾਸ਼, ਕੀਰਤਨ (ਸੰਗੀਤਕ ਸਾਜ਼ਾਂ ਨਾਲ), ਸ਼ਬਦ ਵਿਚਾਰ, ਲੈਕਚਰ, ਸਵਾਲ-ਜਵਾਬ, ਲੰਗਰ।

(੩੦) ਰੈਣ ਸਬਾਈ/ਰਾਤ ਭਰ ਦੇ ਕੀਰਤਨ ਦਰਬਾਰ, ਨਗਰ ਕੀਰਤਨ, ਪ੍ਰਭਾਤ ਫੇਰੀਆਂ ਗੁਰਮਤਿ ਅਨੁਸਾਰ ਸਹੀ ਨਹੀਂ ਹਨ।

(੩੧) ਸਿਮਰਨ ਦਾ ਸਰਲ ਅਤੇ ਸਪਸ਼ਟ ਮਤਲਬ ਗੁਰਮਤਿ ਦੀ ਰੌਸ਼ਨੀ ਵਿਚ ਜੀਵਨ ਜੀਉਣਾ ਹੈ। ਸਿਮਰਨ ਦੇ ਨਾਂ 'ਤੇ ਰੱਬ ਦੇ ਕਿਸੇ ਇਕ ਨਾਂ ਦਾ ਵੱਖ-ਵੱਖ ਤਰੀਕੇ ਰਟਨ ਮਨਮਤਿ ਹੈ।

ਪ੍ਰਕਾਸ਼ਕ : ਤੱਤ ਗੁਰਮਤਿ ਪਰਿਵਾਰ
ਫਿਉਚਰ ਪੈਕ ਹਾਇਰ ਸੈਕੰਡਰੀ ਸਕੂਲ, (ਨਜ਼ਦੀਕ ਏਅਰਪੋਰਟ) ਗਾਡੀਗੜ ਅੱਪਰ, ਜੰਮੂ (ਜੰਮੂ ਅਤੇ ਕਸ਼ਮੀਰ)
www.tattgurmat.org Email: tatgurmat@gmail.com Designed By S.J.Singh

# ਸ਼ੁੱਧ ਨਾਨਕਸ਼ਾਹੀ ਕੈਲੰਡਰ

ਸੰਮਤ ੫੪੬ (ਈਸਵੀ ੨੦੧੪-੧੫)

## ਧਰਮ ਦਾ ਸਰੂਪ

| | ਨਾਨਕ ਫਲਸਫੇ ਤੋਂ ਪਹਿਲਾਂ | | ਨਾਨਕ ਫਲਸਫੇ ਅਨੁਸਾਰ |
|---|---|---|---|
| ੧੧ | ਧਰਮ ਦੇ ਨਕਾਬ ਹੇਠ ਸਮਾਜਿਕ ਚੇਤਨਾ ਨੂੰ ਦਬਾ ਕੇ ਆਮ ਮਨੁੱਖ ਨੂੰ ਮਾਨਸਿਕ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਣਾ। | ੧੧ | ਬਿਬੇਕ ਅਤੇ ਸੁਚੇਤਤਾ ਨੂੰ ਧਰਮ ਦਾ ਜ਼ਰੂਰੀ ਅੰਗ ਦਰਸਾ ਕੇ, ਆਮ ਮਨੁੱਖ ਵਿਚ ਸਰਬਪੱਖੀ ਚੇਤਨਾ ਦੇ ਵਿਕਾਸ ਦਾ ਹੋਕਾ ਦਿਤਾ। |
| ੧੨ | ਭ੍ਰਿਸ਼ਟ ਹਾਕਮ-ਪੁਜਾਰੀ ਗਠਜੋੜ ਰਾਹੀਂ ਆਮ ਲੋਕਾਈ ਦੇ ਸਰਬਪੱਖੀ ਗੁਲਾਮੀ ਦਾ ਬਾਣਨੂੰ ਬਣਨ ਦੀ ਵਿਚਾਰਧਾਰਾ ਦਾ ਪ੍ਰਚਾਰ। | ੧੨ | ਭ੍ਰਿਸ਼ਟ ਪੁਜਾਰੀ-ਹਾਕਮ ਗਠਜੋੜ ਦਾ ਪਰਦਾਫਾਸ਼ ਕਰਦਿਆਂ ਆਮ ਮਨੁੱਖ ਨੂੰ ਸੱਚ-ਬਿਬੇਕ ਰਾਹੀਂ ਮਾਨਸਿਕ, ਆਰਥਿਕ ਅਤੇ ਰਾਜਨਿਤਕ ਗੁਲਾਮੀ ਦੀਆਂ ਜ਼ੰਜੀਰਾਂ ਤੋਂ ਆਜ਼ਾਦ ਹੋ ਕੇ ਗੈਰ-ਹੰਕਾਰੀ ਪਰੋਪਕਾਰ ਤੇ ਅਣਖ ਨਾਲ ਜਿਉਣ ਦਾ ਸਮਰਥਨ ਦਿਤਾ। |

## ਕੱਤਕ (ਸੰਮਤ ੫੪੬) ਅਕਤੂਬਰ-ਨਵੰਬਰ (2014)

| ਸੋਮਵਾਰ MONDAY | ਮੰਗਲਵਾਰ TUESDAY | ਬੁਧਵਾਰ WEDNESDAY | ਵੀਰਵਾਰ THURSDAY | ਸ਼ੁਕਰਵਾਰ FRIDAY | ਸ਼ਨੀਵਾਰ SATURDAY | ਐਤਵਾਰ SUNDAY |
|---|---|---|---|---|---|---|
| | | ੧ ਕੱਤਕ<br>OCT 15 | ੨ ਕੱਤਕ<br>OCT 16 | ੩ ਕੱਤਕ<br>OCT 17 | ੪ ਕੱਤਕ<br>OCT 18 | ੫ ਕੱਤਕ<br>OCT 19 |
| ੬ ਕੱਤਕ<br>OCT 20 | ੭ ਕੱਤਕ<br>OCT 21 | ੮ ਕੱਤਕ<br>OCT 22 | ੯ ਕੱਤਕ<br>OCT 23 | ੧੦ ਕੱਤਕ<br>OCT 24 | ੧੧ ਕੱਤਕ<br>OCT 25 | ੧੨ ਕੱਤਕ<br>OCT 26 |
| ੧੩ ਕੱਤਕ<br>OCT 27 | ੧੪ ਕੱਤਕ<br>OCT 28 | ੧੫ ਕੱਤਕ<br>OCT 29 | ੧੬ ਕੱਤਕ<br>OCT 30 | ੧੭ ਕੱਤਕ<br>OCT 31 | ੧੮ ਕੱਤਕ<br>NOV 1 | ੧੯ ਕੱਤਕ<br>NOV 2 |
| ੨੦ ਕੱਤਕ<br>NOV 3 | ੨੧ ਕੱਤਕ<br>NOV 4 | ੨੨ ਕੱਤਕ<br>NOV 5 | ੨੩ ਕੱਤਕ<br>NOV 6 | ੨੪ ਕੱਤਕ<br>NOV 7 | ੨੫ ਕੱਤਕ<br>NOV 8 | ੨੬ ਕੱਤਕ<br>NOV 9 |
| ੨੭ ਕੱਤਕ<br>NOV 10 | ੨੮ ਕੱਤਕ<br>NOV 11 | ੨੯ ਕੱਤਕ<br>NOV 12 | ੩੦ ਕੱਤਕ<br>NOV 13 | | | |

### ਸਿੱਖ ਇਤਿਹਾਸ ਦੇ ਪ੍ਰਮੁੱਖ ਦਿਹਾੜੇ

ਜੋਤੀ ਜੋਤ ਦਿਵਸ ਪਾ: ੭ - ੬ ਕੱਤਕ (20 Oct)
ਉਤਰਾਧਿਕਾਰ ਦਿਵਸ ਪਾ : ੮ ਅਤੇ ਸ਼ਬਦ ਗੁਰੂ ਗ੍ਰੰਥ ਸਾਹਿਬ - ੬ ਕੱਤਕ (20 Oct)
ਜੋਤੀ ਜੋਤ ਪਾ: ੧੦ - ੭ ਕੱਤਕ (21 Oct)
ਸਾਕਾ ਪੰਜਾ ਸਾਹਿਬ ਦਿਵਸ - ੧੪ ਕੱਤਕ (28 Oct)
ਸ਼ਹੀਦੀ ਬਾਬਾ ਦੀਪ ਸਿੰਘ ਜੀ - ੩੦ ਕੱਤਕ (13 Nov )

### International days for humanity

International Day for Rural Women- 15 Oct (੧ ਕੱਤਕ)
World Food Day - 16 Oct (੨ ਕੱਤਕ)
International for Eradication of Poverty - 17 Oct (੩ ਕੱਤਕ)
United Nations Day - 24 Oct (੧੦ ਕੱਤਕ)
International Day for Preventing the Exploitation of the Environment in War and Armed Conflict - 6 Nov (੨੩ ਕੱਤਕ)
World Science Day for Peace and Development - 10 Nov (੨੭ ਕੱਤਕ)

### ਵੀਰ ਭੁਪਿੰਦਰ ਸਿੰਘ ਜੀ ਯੂ. ਐਸ. ਏ. (ਲਿਵਿੰਗ ਟਰੀਜ਼ਰ ਦਿੱਲੀ) ਦੀਆਂ ਕੁਝ ਪੁਸਤਕਾਂ

੧. ਜੀਵਨ ਮੁਕਤ
੨. ਜੀਵਨ ਜਾਚ ਦਾ ਖਜ਼ਾਨਾ (ਭਾਗ ੧ ਅਤੇ ੨)
੩. ਦਿੱਲ ਨੂੰ ਦਿਲਾਂ ਦੀ ਰਾਹ
੪. ਵਿਰਾਸਤ
੫. ਧਿਆਨ ਜਪੰਨਾ
੬. ਅਰਦਾਸ
੭. ਸਾਫ ਮਨ

ਸੰਪਰਕ: 011-32950644

ਵਿਸ਼ੇਸ਼ ਨੋਟ: ਉਪਰੋਕਤ ਪੁਸਤਕਾਂ ਦੀ ਸਾਮੱਗਰੀ ਨਾਲ 'ਤੱਤ ਗੁਰਮਤਿ ਪਰਿਵਾਰ' ਦਾ ਪੂਰੀ ਤਰ੍ਹਾਂ ਸਹਿਮਤ ਹੋਣਾ ਜ਼ਰੂਰੀ ਨਹੀਂ।

## ਪਹਿਰਾਵਾ

(੧) ਸਿੱਖ ਲਈ ਕਛਿਹਰੇ ਅਤੇ ਦਸਤਾਰ ਜਾਂ ਚੁੰਨੀ/ਸਕਾਰਫ/ਕੇਸਕੀ ਤੋਂ ਸਿਵਾ ਪਹਿਰਾਵੇ ਦੀ ਕੋਈ ਬੰਦਿਸ਼ ਨਹੀਂ ਹੈ। ਪਹਿਰਾਵਾ ਭੜਕਾਊ ਅਤੇ ਨੰਗੇਜ਼ ਦਿਖਾਉਣ ਵਾਲਾ ਨਾ ਹੋਵੇ। (੨) ਕਛਿਹਰੇ ਦਾ ਰੂਪ ਲੋੜ ਅਨੁਸਾਰ ਨੰਗੇਜ਼ ਢਕਣ ਵਾਲਾ ਹੋਵੇ। (੩) ਪਹਿਰਾਵੇ ਵਿਚ ਕਿਸੇ ਰੰਗ ਬਾਰੇ ਕੋਈ ਬੰਦਿਸ਼ ਨਹੀਂ ਹੈ। (੪) ਵਿਧਵਾ ਇਸਤਰੀ ਲਈ ਸਫ਼ੈਦ ਜਾਂ ਕਿਸੇ ਖਾਸ ਰੰਗ ਦੀ ਬੰਦਿਸ਼ ਵੀ ਗਲਤ ਹੈ।

## ਲੰਗਰ

ਸੰਕਲਪ : ਲੰਗਰ ਦਾ ਮਕਸਦ ਵਿਤਕਰੇ ਰਹਿਤ ਸਾਂਝ ਪੈਦਾ ਕਰਦਿਆਂ ਵੰਡ ਛਕਣ ਦੀ ਪ੍ਰੇਰਣਾ ਦੇਣਾ, ਸਮੇਂ ਅਤੇ ਜ਼ਰੂਰਤਮੰਦ ਆਦਿ ਦੀ ਲੋੜ ਪੂਰੀ ਕਰਨਾ ਹੈ।

(੧) ਲੰਗਰ ਸਭ ਵਲੋਂ ਸਾਂਝਾ ਹੁੰਦਾ ਹੈ। ਕਿਸੇ ਇਕ ਵਿਅਕਤੀ/ਪਰਿਵਾਰ ਵਲੋਂ ਲੰਗਰ ਦੀ ਸੇਵਾ ਵਿਖਾਵੇ ਵਜੋਂ ਨਾਮ ਦੇ ਪ੍ਰਗਟਾਵੇ ਲਈ, ਕਰਨਾ/ਕਰਵਾਉਣਾ ਹਉਮੈ ਦਾ ਪ੍ਰਤੀਕ ਹੈ।

(੨) ਲੰਗਰ ਸਵੱਛ, ਪੌਸ਼ਟਿਕ ਪਰ ਸਾਦਾ ਹੋਣਾ ਚਾਹੀਦਾ ਹੈ। 'ਕੜਾਹ' ਵੀ ਇਕ ਪੌਸ਼ਟਕ ਪਦਾਰਥ ਹੈ, ਜੋ ਲੰਗਰ ਦਾ ਹਿੱਸਾ ਹੀ ਹੈ। ਇਸ ਨੂੰ ਵੱਖਰੇ ਤੌਰ ਬ੍ਰਾਹਮਣੀ ਸੋਚ ਦੇ ਪ੍ਰਭਾਵ ਹੇਠ 'ਪ੍ਰਸ਼ਾਦ' ਦਾ ਰੂਪ ਦੇ ਕੇ ਇਸ ਨਾਲ ਕਈਂ ਹੋਰ ਮਨਮਤਾਂ (ਕਿਰਪਾਨ ਭੇਟ ਕਰਨਾ, ਪੰਜ ਪਿਆਰਿਆਂ ਦਾ ਗੱਫਾ ਕੱਢਣਾ ਆਦਿਕ) ਜੋੜ ਦਿਤੀਆਂ ਗਈਆਂ। ਲੰਗਰ
ਦੇ ਨਾਂ 'ਤੇ ਭਾਂਤ-ਭਾਂਤ ਦੇ ਪਕਵਾਨਾਂ ਦਾ ਵਿਖਾਵਾ ਗਲਤ ਹੈ। ਲੰਗਰ ਲੋੜ ਅਨੁਸਾਰ ਹੀ ਹੋਣਾ ਚਾਹੀਦਾ ਹੈ। ਬੇਲੋੜੇ ਲੰਗਰ ਕੌਮੀ ਧਨ ਅਤੇ ਸ਼ਕਤੀ ਦੀ ਬਰਬਾਦੀ ਹਨ। ਪਿੰਨੀ, ਫੁਲੀਆਂ, ਬੁੰਦੀ, ਕਾਲੇ ਛੋਲੇ ਆਦਿ ਨੂੰ ਵੀ 'ਪ੍ਰਸ਼ਾਦ' ਦੇ ਤੌਰ 'ਤੇ ਵਰਤਾਉਣਾ ਮਨਮਤਿ ਹੈ।

(੩) ਲੰਗਰ ਵਿਚਲੇ ਪਦਾਰਥਾਂ ਨੂੰ ਕਿਰਪਾਨ ਭੇਟ ਕਰਨਾ ਜਾਂ ਪ੍ਰਵਾਨਗੀ ਲਈ ਅਰਦਾਸ ਮਨਮਤਿ ਹੈ।

(੪) ਲੰਗਰ ਛਕਣ ਲਈ ਸਿਰਫ ਜ਼ਮੀਨ 'ਤੇ ਬੈਠ ਕੇ ਹੀ ਛਕਣ ਦੀ ਸੋਚ ਭਰਮ ਹੈ। ਲੰਗਰ ਕਿਸੇ ਵੀ ਪ੍ਰਚਲਤ ਤਰੀਕੇ ਵਰਤਾਇਆ ਜਾ ਸਕਦਾ ਹੈ ਪਰ ਉਸ ਨਾਲ ਲੰਗਰ ਦੀ ਮੂਲ ਭਾਵਨਾ ਦੀ ਪੂਰਤੀ ਹੋਣਾ ਜ਼ਰੂਰੀ ਹੈ। ਲੰਗਰ ਵਰਤਾਉਣ ਲਈ ਕਿਸੇ ਕਿਸਮ ਦਾ ਵਿਤਕਰਾ ਜਾਂ ਨਫਰਤ ਨਾ ਕੀਤੀ ਜਾਵੇ।

(੫) ਗੁਰਮਤਿ ਵਿਚ 'ਮਾਸ' ਖਾਣ ਦੀ ਕੋਈ ਮਨਾਹੀ ਨਹੀਂ ਹੈ, ਲੰਗਰ ਸ਼ਾਕਾਹਾਰੀ ਅਤੇ ਮਾਸਾਹਾਰੀ ਦੋਵੇਂ ਕਿਸਮ ਦੇ ਹੋ ਸਕਦੇ ਹਨ। ਲੰਗਰ ਵਿਚ ਕਿਸੇ ਨਸ਼ੇ ਦੀ ਵੰਡ ਨਾ ਕੀਤੀ ਜਾਵੇ।

(੬) ਲੰਗਰ ਪੰਗਤ ਵਿਚ ਕੀਤਾ ਜਾਵੇ। ਪੰਗਤ ਤੋਂ ਭਾਵ ਸਿਰਫ ਜ਼ਮੀਨ 'ਤੇ ਬੈਠ ਕੇ ਛਕਣਾ ਨਹੀਂ, ਬਲਕਿ ਬਿਨਾਂ ਵਿਤਕਰੇ ਤੋਂ (ਬਰਾਬਰਤਾ ਦਾ) ਵਰਤਾਅ ਕਰਨਾ ਹੈ। ਦੀਵਾਨ ਅਤੇ ਲੰਗਰ ਵਿਚ ਸੰਗਤ ਸੁਚੱਜੇ ਢੰਗ ਨਾਲ (ਕਤਾਰਾਂ ਵਿਚ) ਬੈਠੇ ਤਾਂ ਕਿ ਲੰਗਰ ਆਦਿ ਵਰਤਾਉਣ ਵੇਲੇ ਕੋਈ ਔਖ ਨਾ ਹੋਵੇ।

(੭) ਲੰਗਰ ਵਰਤਾਉਣ ਦੀ ਸੇਵਾ ਦੀਵਾਨ ਹਾਲ ਤੋਂ ਵੱਖਰੀ ਥਾਂ 'ਤੇ ਹੋਵੇ। ਲੰਗਰ ਪਕਾਉਣ ਅਤੇ ਵਰਤਾਉਣ ਦੀ ਸੇਵਾ ਲਈ ਜਾਤ/ਲਿੰਗ/ਨਸਲ/ਅਮੀਰ-ਗਰੀਬ ਆਦਿ ਕੋਈ ਵਿਤਕਰਾ ਕਰਨਾ ਗੁਰਮਤਿ ਵਿਰੁਧ ਹੈ।

(੮) ਲੰਗਰ ਦੀ ਰਸਦ ਜਾਂ ਕਿਸੇ ਹੋਰ ਪ੍ਰਕਾਰ ਦੀ ਭੇਟਾ (ਸੇਵਾ) ਨੇਕ ਕਮਾਈ ਵਿਚੋਂ ਹੋਣ ਚਾਹੀਦੀ ਹੈ। ਲੰਗਰ ਦੇ ਨਾਮ ਤੇ ਧੱਕੇ ਨਾਲ ਉਗਰਾਹੀਆਂ ਕਰਨਾ ਵੀ ਗਲਤ ਹੈ।

## ਜਨਮ ਮੌਕੇ ਗੁਰਮਤਿ ਸੇਧਾਂ

(੧) ਬੱਚੇ ਦੇ ਜਨਮ ਤੋਂ ਬਾਅਦ ਮਾਤਾ-ਸੰਤਾਨ ਦੇ ਨਾਰਮਲ ਹੋ ਜਾਣ ਉਪਰੰਤ (ਸਮਾਂ ਨਿਸ਼ਚਿਤ ਨਹੀਂ ਹੈ, ਸੂਤਕ-ਪਾਤਕ ਦਾ ਵਹਿਮ ਨਹੀਂ ਕਰਨਾ) ਜੇ ਮਾਤਾ-ਪਿਤਾ/ਪਰਿਵਾਰ ਚਾਹੁਣ ਤਾਂ ਸ਼ੁਕਰਾਨੇ ਦਾ ਗੁਰਮਤਿ ਸਮਾਗਮ ਕਰਵਾ ਸਕਦੇ ਹਨ। ਗੁਰਮਤਿ ਸਮਾਗਮ ਗੁਰਦੁਆਰੇ, ਘਰ ਜਾਂ ਕਿਸੇ ਹੋਰ ਯੋਗ ਥਾਂ 'ਤੇ ਕੀਤਾ ਜਾ ਸਕਦਾ ਹੈ। (ਬਾਕੀ ਅਗਲੇ ਸਫ਼ੇ 'ਤੇ)

ਪ੍ਰਕਾਸ਼ਕ : ਤੱਤ ਗੁਰਮਤਿ ਪਰਿਵਾਰ
ਫਿਉਚਰ ਪੈਕ ਹਾਇਰ ਸੈਕੰਡਰੀ ਸਕੂਲ, (ਨਜ਼ਦੀਕ ਏਅਰਪੋਰਟ) ਗਾਡੀਗੜ ਅੱਪਰ, ਜੰਮੂ (ਜੰਮੂ ਅਤੇ ਕਸ਼ਮੀਰ)
www.tattgurmat.org Email: tatgurmat@gmail.com Designed By S.J.Singh

# ਸ਼ੁੱਧ ਨਾਨਕਸ਼ਾਹੀ ਕੈਲੰਡਰ

ਸੰਮਤ ੫੪੬ (ਈਸਵੀ ੨੦੧੪-੧੫)

## ਧਰਮ ਦਾ ਸਰੂਪ

| | ਨਾਨਕ ਫਲਸਫੇ ਤੋਂ ਪਹਿਲਾਂ | | ਨਾਨਕ ਫਲਸਫੇ ਅਨੁਸਾਰ |
|---|---|---|---|
| ੧੩ | ਪ੍ਰਭੂ ਦੇ ਕਿਸੇ ਪ੍ਰਚਲਿਤ ਨਾਮ ਦੇ ਵੱਖ-ਵੱਖ ਤਰੀਕੇ ਰਟਨ/ਉਚਾਰਨ ਨੂੰ ਸਿਮਰਨ, ਭਗਤੀ ਦੱਸ ਕੇ ਇਸ ਨੂੰ ਧਰਮ ਦਾ ਅਟੁਟ ਅੰਗ ਦੱਸਣਾ। ਸ਼ਰੀਰਕ ਕਸ਼ਟ ਰਾਹੀਂ ਕੀਤੇ ਜਾਂਦੇ ਕਰਮਕਾਂਡਾਂ ਨੂੰ ਤਪੱਸਿਆ, ਭਗਤੀ ਦਰਸਾਉਣਾ। | ੧੩ | ਸਮਾਧੀਆਂ ਆਦਿ ਵੱਖ-ਵੱਖ ਤਰੀਕਿਆਂ ਰਾਹੀਂ ਰੱਬ ਦੇ ਕਿਸੇ ਪ੍ਰਚਲਿਤ ਨਾਂ ਦੇ ਰਟਨ/ਉਚਾਰਨ ਨੂੰ ਸਿਮਰਨ ਜਾਂ ਭਗਤੀ ਸਮਝਣ ਦਾ ਖੁੱਲਾ ਖੰਡਨ। ਸ਼ਰੀਰਕ ਕਸ਼ਟਾਂ ਵਾਲੇ ਕਰਮਕਾਂਡਾਂ ਨੂੰ ਭਗਤੀ ਸਮਝਣ ਦੀ ਸੋਚ ਨੂੰ ਦਲੀਲ ਨਾਲ ਨਕਾਰਿਆ। ਭਗਤੀ ਜਾਂ ਸਿਮਰਨ ਦਾ ਸਰਲ ਮਤਲਬ ਚੰਗੇ ਗੁਣਾਂ ਦੇ ਧਾਰਨੀ ਹੋ ਕੇ ਸਮਾਜਿਕ ਸਰੋਕਾਰਾਂ ਵਾਲਾ ਜੀਵਨ ਜੀਉਣਾ ਸਮਝਾਇਆ। |

## ਮੱਘਰ (ਸੰਮਤ ੫੪੬) ਨਵੰਬਰ-ਦਿਸੰਬਰ (2014)

| ਸੋਮਵਾਰ MONDAY | ਮੰਗਲਵਾਰ TUESDAY | ਬੁਧਵਾਰ WEDNESDAY | ਵੀਰਵਾਰ THURSDAY | ਸ਼ੁਕਰਵਾਰ FRIDAY | ਸ਼ਨੀਵਾਰ SATURDAY | ਐਤਵਾਰ SUNDAY |
|---|---|---|---|---|---|---|
| | | | | ੧ ਮੱਘਰ NOV 14 | ੨ ਮੱਘਰ NOV 15 | ੩ ਮੱਘਰ NOV 16 |
| ੪ ਮੱਘਰ NOV 17 | ੫ ਮੱਘਰ NOV 18 | ੬ ਮੱਘਰ NOV 19 | ੭ ਮੱਘਰ NOV 20 | ੮ ਮੱਘਰ NOV 21 | ੯ ਮੱਘਰ NOV 22 | ੧੦ ਮੱਘਰ NOV 23 |
| ੧੧ ਮੱਘਰ NOV 24 | ੧੨ ਮੱਘਰ NOV 25 | ੧੩ ਮੱਘਰ NOV 26 | ੧੪ ਮੱਘਰ NOV 27 | ੧੫ ਮੱਘਰ NOV 28 | ੧੬ ਮੱਘਰ NOV 29 | ੧੭ ਮੱਘਰ NOV 30 |
| ੧੮ ਮੱਘਰ DEC 1 | ੧੯ ਮੱਘਰ DEC 2 | ੨੦ ਮੱਘਰ DEC 3 | ੨੧ ਮੱਘਰ DEC 4 | ੨੨ ਮੱਘਰ DEC 5 | ੨੩ ਮੱਘਰ DEC 6 | ੨੪ ਮੱਘਰ DEC 7 |
| ੨੫ ਮੱਘਰ DEC 8 | ੨੬ ਮੱਘਰ DEC 9 | ੨੭ ਮੱਘਰ DEC 10 | ੨੮ ਮੱਘਰ DEC 11 | ੨੯ ਮੱਘਰ DEC 12 | ੩੦ ਮੱਘਰ DEC 13 | |

### ਸਿੱਖ ਇਤਿਹਾਸ ਦੇ ਪ੍ਰਮੁੱਖ ਦਿਹਾੜੇ

ਉਤਰਾਧਿਕਾਰ ਦਿਵਸ ਪਾ : ੧੦ – ੧੧ ਮੱਘਰ (24 Nov)
ਸ਼ਹੀਦੀ ਦਿਵਸ ਪਾ : ੯ – ੧੧ ਮੱਘਰ (24 Nov)
ਸ਼ਹੀਦੀ ਭਾਈ ਮਤੀ ਦਾਸ ਸਤੀ ਦਾਸ – ੧੧ ਮੱਘਰ (24 Nov)
ਸ਼ਹੀਦੀ ਬਾਬਾ ਗੁਰਬਖਸ਼ ਸਿੰਘ – ੧੯ ਮੱਘਰ (2 Dec)

### International days for humanity

World Diabetes Day -14 Nov (੧ ਮੱਘਰ)
International Day of Tolerance -16 Nov (੩ ਮੱਘਰ)
Universal Children's Day - 20 Nov (੭ ਮੱਘਰ)
International Day for the Elimination of Violence Against Women - 25 Nov (੧੨ ਮੱਘਰ)
World AIDS Day - 1 Dec (੧੯ ਮੱਘਰ)
International Anti-Corruption Day - 09 Dec (੨੭ ਮੱਘਰ)
Human Rights Day - 10 Dec (੨੮ ਮੱਘਰ)

### ਪ੍ਰੋ. ਦਰਸ਼ਨ ਸਿੰਘ ਜੀ ਦੀਆਂ ਪੁਸਤਕਾਂ

੧. ਉਜਾਰੋ ਦੀਪਾ
੨. ਬੋਲਹਿ ਸਾਚੁ ਮਿਥਿਆ ਨਹੀ ਰਾਈ
੩. ਬਰਹਾ ਮਾਹ
੪. ਅਨੰਦ ਕਾਰਜ
੫. ਏਤ ਰਾਹਿ

**ਦਰਸ਼ਨ ਸਿੰਘ 'ਅਵਾਰਾ' ਦੀਆਂ ਕਾਵਿ ਪੁਸਤਕਾਂ**

੧. ਬਾਗ਼ੀ
੨. ਬਗ਼ਾਵਤ

ਵਿਸ਼ੇਸ਼ ਨੋਟ: ਉਪਰੋਕਤ ਪੁਸਤਕਾਂ ਦੀ ਸਾਮੱਗਰੀ ਨਾਲ 'ਤੱਤ ਗੁਰਮਤਿ ਪਰਿਵਾਰ' ਦਾ ਪੂਰੀ ਤਰ੍ਹਾਂ ਸਹਿਮਤ ਹੋਣਾ ਜ਼ਰੂਰੀ ਨਹੀਂ।

### ਜਨਮ ਮੌਕੇ ਗੁਰਮਤਿ ਸੇਧਾਂ :

(੨) ਬੱਚੇ ਦਾ ਨਾਮ ਪਰਿਵਾਰ ਵਾਲੇ ਆਪਣੀ ਸਹੂਲਤ/ਪਸੰਦ ਮੁਤਾਬਕ ਚੁਣ ਲੈਣ। ਲੜਕੀ ਦੇ ਨਾਮ ਪਿੱਛੇ 'ਕੌਰ' ਅਤੇ ਲੜਕੇ ਦੇ ਨਾਮ ਪਿੱਛੇ 'ਸਿੰਘ' ਲਾਇਆ ਜਾਵੇ। ਨਾਮ ਪਿੱਛੇ ਜ਼ਾਤ-ਗੋਤ ਸੂਚਕ ਲਕਬ ਆਦਿ ਲਾਉਣਾ ਮਨਮਤਿ ਹੈ। ਸਰਨੇਮ ਵਜੋਂ ਵੀ 'ਕੌਰ' ਜਾਂ 'ਸਿੰਘ' ਹੀ ਲਾਇਆ ਜਾਵੇ। ਨਾਮ ਰੱਖਣ ਵੇਲੇ ਪਹਿਲਾ ਅੱਖਰ 'ਸ਼ਬਦ ਗੁਰੂ ਗ੍ਰੰਥ ਸਾਹਿਬ ਜੀ' ਵਿਚੋਂ ਕੱਢਵਾਉਣ ਦੀ ਪਰੰਪਰਾ ਗੁਰਮਤਿ ਅਨੁਸਾਰੀ ਨਹੀਂ ਹੈ। ਨਾਮ 'ਤੇ ਸਹਿਮਤੀ ਹੋਣ ਉਪਰੰਤ ਸਮਾਗਮ ਵਿਚ (ਜੇ ਕੀਤਾ ਜਾ ਰਿਹਾ ਹੋਵੇ ਤਾਂ) ਇਸ ਸੰਬੰਧੀ ਜੈਕਾਰਾ ਗਜਾਇਆ ਜਾਵੇ।

(੩) ਟੇਵਾ-ਕੁੰਡਲੀ, ਜਨਮ ਪੱਤਰੀ, ਸੂਤਕ-ਪਾਤਕ, ਚੌਂਕੇ ਚੜਾਉਣਾ, ਨਿੰਮ-ਸ਼ਰ੍ਹੀਂਹ ਬੰਨਣਾ, ਬੱਚੇ ਨੂੰ ਨਜ਼ਰ ਤੋਂ ਬਚਾਉਣ ਦੇ ਭਰਮ ਨਾਲ ਕਾਲਾ ਟਿੱਕਾ ਲਾਉਣਾ ਜਾਂ ਬਾਂਹ 'ਤੇ ਕੁਝ ਹੋਰ ਬੰਨਣਾ, ਕਿਰਪਾਨ ਨਾਲ 'ਅੰਮ੍ਰਿਤ' ਤਿਆਰ ਹੋਇਆ ਮੰਨ ਕੇ ਬੱਚੇ ਨੂੰ ਉਸਦੀ ਗੁੜਤੀ-ਬਤੂਆਂ-ਚੁਲਾ ਪਿਲਾਉਣਾ ਆਦਿ ਸਭ ਅੰਧ ਵਿਸ਼ਵਾਸੀ ਮਨਮਤਾਂ ਹਨ। ਨਵ-ਜੰਮੇ ਬੱਚੇ ਨੂੰ ਕਿਸੇ ਭਰਮ ਹੇਠ ਕੜਾ ਪਹਿਨਾਉਣ ਦੀ ਮਨਮਤਿ ਹੈ, ਜੋ ਬੱਚੇ ਲਈ ਨੁਕਸਾਨਦਾਇਕ ਵੀ ਹੋ ਸਕਦੀ ਹੈ।

(੪) ਬੱਚੇ ਦੇ ਬਿਮਾਰ ਹੋਣ ਦੀ ਸੂਰਤ ਵਿਚ ਯੋਗ ਡਾਕਟਰੀ ਇਲਾਜ ਕਰਵਾਇਆ ਜਾਵੇ। ਐਸੇ ਮੌਕੇ ਨਜ਼ਰ ਲੱਗੀ ਹੋਣ ਆਦਿ ਦਾ ਵਹਿਮ ਕਰਕੇ ਝਾੜਾ ਕਰਵਾਉਣਾ, ਮਿਰਚਾਂ ਵਾਰਣੀਆਂ ਆਦਿ ਸਭ ਮਨਮਤਾਂ ਹਨ।

(੫) ਬੱਚਾ (ਲੜਕਾ) ਜਦੋਂ ਯੋਗ ਹੋ ਜਾਵੇ, ਉਸ ਨੂੰ 'ਦਸਤਾਰ' ਬੰਨਣ ਦੀ ਪ੍ਰੇਰਣਾ ਕੀਤੀ ਜਾਵੇ। ਇਸ ਲਈ 'ਦਸਤਾਰਬੰਦੀ' ਆਦਿ ਰਸਮ ਕਰਨ ਦੀ ਕੋਈ ਲੋੜ ਨਹੀਂ ਹੈ। ਲੜਕੀ ਨੂੰ ਵੀ ਕੇਸਾਂ ਨੂੰ ਚੁੰਨੀ/ ਸਕਾਰਫ/ ਕੇਸਕੀ ਆਦਿ ਨਾਲ ਢੱਕ ਕਰ ਰੱਖਣ ਲਈ ਪ੍ਰੇਰਿਆ ਜਾਵੇ।

(੬) ਜਨਮ-ਦਿਨ ਮਨਾਉਣਾ ਪਰਿਵਾਰ ਦਾ ਨਿੱਜੀ ਫੈਸਲਾ ਹੈ ਪਰ ਅਜਿਹੇ ਮੌਕੇ 'ਤੇ ਕੋਈ ਵੀ ਗੁਰਮਤਿ ਵਿਪਰੀਤ ਕਰਮ-ਕਾਂਡ ਨਾ ਕੀਤਾ ਜਾਵੇ।

(੭) ਨਰੋਏ ਸਮਾਜ ਦੀ ਘਾੜਤ ਲਈ ਮਾਤਾ-ਪਿਤਾ ਦਾ ਫਰਜ਼ ਬਣਦਾ ਹੈ ਕਿ ਉਹ ਨਿਰੋਲ ਸੱਚ ਦੀ ਸੇਧ (ਗੁਰਮਤਿ) ਨੂੰ ਆਪ ਸਮਝ ਵਿਚਾਰ ਕੇ ਜੀਵਨ ਵਿਚ ਅਪਣ-ਾਉਣ ਦਾ ਸੁਹਿਰਦ ਯਤਨ ਕਰਨ ਅਤੇ ਆਪਣੀ ਸੰਤਾਨ ਨੂੰ ਇਸ ਸੱਚ ਦੇ ਰਾਹ ਉੱਤੇ ਤੁਰਨ ਲਈ ਬਚਪਨ ਤੋਂ ਹੀ ਪ੍ਰੇਰਿਤ ਕਰਦੇ ਰਹਿਣ।

### ਅਨੰਦ (ਵਿਆਹ) ਕਾਰਜ ਸਬੰਧੀ ਸੇਧਾਂ

**ਸੰਕਲਪ :** ਅਨੰਦ ਕਾਰਜ (ਵਿਆਹ) ਮਨੁੱਖੀ ਸਮਾਜ ਦੇ ਇਕ ਮੂਲ ਰਿਸ਼ਤੇ (ਪਤੀ-ਪਤਨੀ) ਦੀ ਸਥਾਪਤੀ ਦੀ ਇਕ ਸਮਾਜਿਕ ਪ੍ਰਕਿਰਿਆ ਹੈ।

(੧) ਅਨੰਦ ਕਾਰਜ ਗੁਰਦੁਆਰੇ ਵਿਚ ਜਾਂ ਕਿਸੇ ਹੋਰ ਯੋਗ ਥਾਂ ਕੀਤਾ ਜਾ ਸਕਦਾ ਹੈ। ਉਹ ਥਾਂ ਸਾਫ-ਸੁਥਰੀ ਹੋਵੇ ਅਤੇ ਉਸ ਥਾਂ ਕਿਸੇ ਨਸ਼ੇ ਦੀ ਵਰਤੋਂ ਨਾ ਕੀਤੀ ਜਾ ਰਹੀ ਹੋਵੇ।

(੨) ਹਰ ਸਿੱਖ ਆਪਣਾ ਵਿਆਹ ਸਥਾਨਿਕ ਕਾਨੂੰਨ ਮੁਤਾਬਿਕ ਰਜਿਸਟਰ ਕਰਵਾਏ।

(੩) ਸਿੱਖ ਬੱਚੇ-ਬੱਚੀ ਦਾ ਵਿਆਹ ਸਿਰਫ ਗੁਰਮਤਿ ਨਾਲ ਪ੍ਰਣਾਏ ਬੱਚੇ-ਬੱਚੀ ਨਾਲ ਹੀ ਕੀਤਾ ਜਾਵੇ।

(੪) ਰਿਸ਼ਤਾ ਤੈਅ ਕਰਨ ਸਮੇਂ ਅਖੌਤੀ ਜ਼ਾਤ-ਪਾਤ, ਗ਼ੋਤ, ਬਿਰਾਦਰੀ, ਇਲਾਕਾ, ਜਨਮ-ਪੱਤਰੀ, ਟੇਵਾ ਮਿਲਾਉਣ ਦੀ ਵਿਚਾਰ ਕਰਨ ਦੀ ਥਾਂ ਲੜਕਾ-ਲੜਕੀ ਦੀ ਵਿਚਾਰਧਾਰਾ ਅਤੇ ਗੁਣਾਂ ਨੂੰ ਪਹਿਲ ਦਿਤੀ ਜਾਵੇ ਅਤੇ ਉਨ੍ਹਾਂ ਦੀ ਸਹਿਮਤੀ ਲਈ ਜਾਵੇ।

(੫) ਰੋਕਾ, ਠਾਕਾ, ਸ਼ਗਨ, ਮੰਗਣੀ ਜਾਂ ਸਮੇਂ-ਸਮੇਂ ਬਣ ਗਈਆਂ ਹੋਰ ਰਸਮਾਂ ਦੀ ਥਾਂ ਰਿਸ਼ਤਾ ਤੈਅ ਕਰਨ ਵੇਲੇ ਸਾਦੇ ਢੰਗ ਨਾਲ ਸਿਰਫ ਪ੍ਰਭੂ ਦਾ ਸ਼ੁਕਰਾਨਾ ਕਰੋ।

(੬) ਵਿਆਹ/ਅਨੰਦ ਦਾ ਦਿਨ ਮੁਕੱਰਰ ਕਰਨ ਵੇਲੇ ਥਿੱਤ-ਵਾਰ, ਮਹੂਰਤ, ਸ਼ੁਭ-ਅਸ਼ੁਭ, ਮਲ-ਮਾਸ (ਮਹੀਨੇ) ਦਾ ਵਹਿਮ, ਸ਼ਰਾਧਾਂ ਦਾ ਸਮਾਂ ਹੋਣ ਦਾ ਵਹਿਮ, ਨਰਾਤੇ, ਕੰਜਕਾਂ ਦਾ ਵਹਿਮ, ਪੱਤਰੀ ਵਾਚਣਾ ਆਦਿ ਸਭ ਮਨਮਤਾਂ ਹਨ। ਦੋਵੇਂ ਧਿਰਾਂ ਆਪਸੀ ਵਿਚਾਰ ਰਾਹੀਂ ਸਹੂਲਤ ਅਨੁਸਾਰ ਕੋਈ ਵੀ ਦਿਨ ਮੁਕੱਰਰ ਕਰ ਲੈਣ।(ਬਾਕੀ ਅਗਲੇ ਸਫ਼ੇ 'ਤੇ)

ਪ੍ਰਕਾਸ਼ਕ : ਤੱਤ ਗੁਰਮਤਿ ਪਰਿਵਾਰ
ਫਿਉਚਰ ਪੈਕ ਹਾਇਰ ਸੈਕੰਡਰੀ ਸਕੂਲ, (ਨਜ਼ਦੀਕ ਏਅਰਪੋਰਟ) ਗਾਡੀਗੜ ਅੱਪਰ, ਜੰਮੂ (ਜੰਮੂ ਅਤੇ ਕਸ਼ਮੀਰ)
www.tattgurmat.org Email: tatgurmat@gmail.com Designed By S.J.Singh

# ਸ਼ੁੱਧ ਨਾਨਕਸ਼ਾਹੀ ਕੈਲੰਡਰ

ਸੰਮਤ ੫੪੬ (ਈਸਵੀ ੨੦੧੪-੧੫)

## ਧਰਮ ਦਾ ਸਰੂਪ

| | ਨਾਨਕ ਫਲਸਫੇ ਤੋਂ ਪਹਿਲਾਂ | | ਨਾਨਕ ਫਲਸਫੇ ਅਨੁਸਾਰ |
|---|---|---|---|
| ੧੪ | ਧਾਰਮਿਕ ਰਹਿਬਰ ਆਪਣੇ ਆਪ ਨੂੰ ਰੱਬ ਜਾਂ ਰੱਬ ਦਾ ਅਵਤਾਰ/ਵਿਸ਼ੇਸ਼ ਦੂਤ ਦੱਸ ਕੇ ਸ਼ਰਬਸ਼ਕਤੀਮਾਨ ਹੋਣ ਦਾ ਦਾਅਵਾ ਕਰਦਾ ਹੋਇਆ ਆਪਣੇ ਨਾਲ/ ਆਪਣੇ ਰਾਹੀਂ ਰੱਬ ਨਾਲ ਜੁੜਣ ਲਈ ਪ੍ਰੇਰਦਾ ਸੀ। | ੧੪ | ਬਾਬਾ ਨਾਨਕ ਜੀ ਨੇ ਪ੍ਰਭੂ ਨੂੰ ਸਰਬਉਚ ਐਲਾਣਦਿਆਂ ਖੁਦ ਨੂੰ ਉਸ ਦਾ ਨਿਮਾਣਾ ਸੇਵਕ ਜਾਂ ਦਾਸ ਦਸਿਆ। ਉਨ੍ਹਾਂ ਨੇ ਰੱਬ ਦੀ ਪ੍ਰਾਪਤੀ ਲਈ ਕਿਸੇ ਵਿਚੋਲੇ ਦੀ ਲੋੜ ਨੂੰ ਨਕਾਰ ਦਿਤਾ। |

## ਪੋਹ (ਸੰਮਤ ੫੪੬) ਦਿਸੰਬਰ-ਜਨਵਰੀ (2014–2015)

| ਸੋਮਵਾਰ MONDAY | ਮੰਗਲਵਾਰ TUESDAY | ਬੁਧਵਾਰ WEDNESDAY | ਵੀਰਵਾਰ THURSDAY | ਸ਼ੁਕਰਵਾਰ FRIDAY | ਸ਼ਨੀਵਾਰ SATURDAY | ਐਤਵਾਰ SUNDAY |
|---|---|---|---|---|---|---|
| ੩੦ ਪੋਹ<br>JAN 12 | | | | | | ੧ ਪੋਹ<br>DEC 14 |
| ੨ ਪੋਹ<br>DEC 15 | ੩ ਪੋਹ<br>DEC 16 | ੪ ਪੋਹ<br>DEC 17 | ੫ ਪੋਹ<br>DEC 18 | ੬ ਪੋਹ<br>DEC 19 | ੭ ਪੋਹ<br>DEC 20 | ੮ ਪੋਹ<br>DEC 21 |
| ੯ ਪੋਹ<br>DEC 22 | ੧੦ ਪੋਹ<br>DEC 23 | ੧੧ ਪੋਹ<br>DEC 24 | ੧੨ ਪੋਹ<br>DEC 25 | ੧੩ ਪੋਹ<br>ਸ਼ਹੀਦੀ ਪੁਰਬ<br>DEC 26 | ੧੪ ਪੋਹ<br>DEC 27 | ੧੫ ਪੋਹ<br>DEC 28 |
| ੧੬ ਪੋਹ<br>DEC 29 | ੧੭ ਪੋਹ<br>DEC 30 | ੧੮ ਪੋਹ<br>DEC 31 | ੧੯ ਪੋਹ<br>JAN 1 | ੨੦ ਪੋਹ<br>JAN 2 | ੨੧ ਪੋਹ<br>JAN 3 | ੨੨ ਪੋਹ<br>JAN 4 |
| ੨੩ ਪੋਹ<br>JAN 5 | ੨੪ ਪੋਹ<br>JAN 6 | ੨੫ ਪੋਹ<br>JAN 7 | ੨੬ ਪੋਹ<br>JAN 8 | ੨੭ ਪੋਹ<br>JAN 9 | ੨੮ ਪੋਹ<br>JAN 10 | ੨੯ ਪੋਹ<br>JAN 11 |

### ਸਿੱਖ ਇਤਿਹਾਸ ਦੇ ਪ੍ਰਮੁੱਖ ਦਿਹਾੜੇ

ਸ਼ਹੀਦੀ ਦਿਵਸ ਵੱਡੇ ਸਾਹਿਬਜ਼ਾਦੇ – ੮ ਪੋਹ (21 Dec)
(ਸਾਕਾ ਚਮਕੌਰ ਸਾਹਿਬ)

ਸ਼ਹੀਦੀ ਦਿਵਸ ਛੋਟੇ ਸਾਹਿਬਜ਼ਾਦੇ – ੧੩ ਪੋਹ (29 Dec)

### ਸ਼ਹੀਦੀ ਪੁਰਬ

ਤੀਜਾ ਪੁਰਬ : ਸ਼ਹੀਦੀ ਪੁਰਬ – ੧੩ ਪੋਹ (26 Dec)
ਸੱਚ ਲਈ ਸ਼ਹੀਦ ਹੋਏ ਸਮੂਹ ਸ਼ਹੀਦਾਂ ਨੂੰ ਸਮਰਪਤ ਸਾਂਝਾ ਪੁਰਬ
(ਗੁਰਮਤਿ ਜੀਵਨ ਸੇਧਾਂ ਅਨੁਸਾਰ)

### International days for humanity

IInternational Migrants Day
- 18 Dec (੫ ਪੋਹ)

International Human Solidarity Day
- 20 Dec (੭ ਪੋਹ)

### ਡਾ. ਹਰਜਿੰਦਰ ਸਿੰਘ ਦਿਲਗੀਰ ਦੀਆਂ ਪੁਸਤਕਾਂ

੧. ਸਿੱਖ ਤਵਾਰੀਖ਼ ਭਾਗ ੧ ਤੋਂ ਭਾਗ ੫
੨. ੧੦੦ ਸਿੱਖ ਬੀਬੀਆਂ
੩. ਸਿੱਖ ਫ਼ਿਲਾਸਫ਼ੀ ਦੀ ਡਿਕਸ਼ਨਰੀ
੪. ਸਿੱਖ ਤਵਾਰੀਖ਼ ਦੇ ਘੱਲੂਘਾਰੇ
੫. ਸ਼੍ਰੋਮਣੀ ਅਕਾਲੀ ਦਲ

### ਹਰਪਾਲ ਸਿੰਘ 'ਅਰੁਸ਼' ਦੀ ਪੁਸਤਕ

੧. 1857 ਕੋਈ ਔਰ ਭੀ ਥਾ (ਹਿੰਦੀ)

ਵਿਸ਼ੇਸ਼ ਨੋਟ: ਉਪਰੋਕਤ ਪੁਸਤਕਾਂ ਦੀ ਸਾਮੱਗਰੀ ਨਾਲ 'ਤੱਤ ਗੁਰਮਤਿ ਪਰਿਵਾਰ' ਦਾ ਪੂਰੀ ਤਰ੍ਹਾਂ ਸਹਿਮਤ ਹੋਣਾ ਜ਼ਰੂਰੀ ਨਹੀਂ।

### ਅਨੰਦ (ਵਿਆਹ) ਕਾਰਜ ਸਬੰਧੀ ਸੇਧਾਂ:

(੭) ਅਨੰਦ (ਵਿਆਹ) ਦੇ ਦੌਰਾਨ ਸਿਹਰਾ ਬੰਨਣਾ, ਘੁੰਡ ਕੱਢਣਾ, ਜੈ-ਮਾਲਾ ਪਾਉਣੀ, ਕਲਗੀ, ਮੁਕਟ, ਹਾਰ ਪਵਾਉਣੇ, ਘੋੜੀ ਚੜਣਾ, ਪਿੱਤਰ-ਜਠੇਰੇ ਪੂਜਣੇ, ਬੇ-ਰੀ-ਜੰਡੀ ਵੱਢਣੀ, ਘੜੋਲੀ ਭਰਣੀ, ਰੁੱਸਣਾ-ਛੁਪਣਾ, ਛੰਦ ਪੜ੍ਹਨਾ, ਹਵਨ-ਯੱਗ, ਵੇਦੀ-ਬੇਦੀ ਗੱਡਣੀ, ਬੈਂਡ ਵਾਜੇ, ਆਰਕੈਸਟਰਾ, ਨਾਚ, ਸ਼ਰਾਬ ਅਤੇ ਹੋਰ ਨਸ਼ਿਆਂ ਦੀ ਵਰਤੋਂ ਸਹੀ ਨਹੀਂ ਹੈ। ਮਿਲਣੀ ਦੀ ਰਸਮ ਵੀ ਗੁਰਮਤਿ ਤੋਂ ਉਲਟ ਹੈ।

(੮) ਆਨੰਦ ਕਾਰਜ ਵੇਲੇ ਦੋਹਾਂ ਧਿਰਾਂ ਇਕ ਦੂਜੇ ਨੂੰ ਉਮਾਹ ਨਾਲ ਮਿਲਣ।

(੯): ਅਨੰਦ ਕਾਰਜ (ਸਮਾਗਮ) ਦੀ ਸ਼ੁਰੂਆਤ ਵੇਲੇ ਲੜਕਾ-ਲੜਕੀ 'ਸ਼ਬਦ ਗੁਰੂ ਗ੍ਰੰਥ ਸਾਹਿਬ ਜੀ' ਦੇ ਸਰੂਪ ਸਾਹਮਣੇ ਨਾਲ-ਨਾਲ ਬੈਠ ਜਾਣ। ਬੈਠਣ ਵੇਲੇ ਸੱਜੇ-ਖੱਬੇ ਦਾ ਭਰਮ ਨਹੀਂ ਕਰਨਾ। ਬਾਕੀ ਲੋਕ ਵੀ ਸੰਗਤ ਵਾਂਙੂ ਬੈਠ ਜਾਣ। ਦੀਵਾਨ ਵਿਚ ਕੁੜੀ-ਮੁੰਡੇ ਦੇ ਬੈਠਣ ਲਈ ਕੋਈ ਉਚੇਚਾ ਇੰਤਜ਼ਾਮ ਕਰਨਾ ਗਲਤ ਹੈ। ਉਹ ਬਾਕੀ ਸੰਗਤ ਵਾਂਙੂ ਹੀ ਬੈਠਣ।

(੧੦) ਦੀਵਾਨ ਵਿਚ ਇਕ ਗੁਰਮਤਿ ਤੋਂ ਜਾਣੂ ਵਿਅਕਤੀ ਵਲੋਂ ਲੜਕਾ-ਲੜਕੀ ਸਮੇਤ ਸਾਰੀ ਸੰਗਤ ਨੂੰ ਵਿਆਹੁਤਾ ਜਿੰਦਗੀ ਬਾਰੇ ਗੁਰਮਤਿ ਫਲਸਫੇ ਅਨੁਸਾਰ ਸੇਧਾਂ ਦਿਤੀਆਂ ਜਾਣ। ਉਪਰੰਤ ਉਹ ਵਿਅਕਤੀ ਲਾੜੀ-ਲਾੜਾ ਦੋਹਾਂ ਨੂੰ ਪੁੱਛੇ ਕਿ ਕੀ ਉਹ ਇਕ-ਦੂਜੇ ਨੂੰ ਆਪਣੇ ਜੀਵਨ ਸਾਥੀ ਵਜੋਂ ਪ੍ਰਵਾਨ ਕਰਦੇ ਹਨ? ਸਹਿਮਤੀ /ਪ੍ਰਵਾਨਗੀ ਵਜੋਂ ਲਾੜਾ-ਲਾੜੀ ਇਕ ਵਾਰ ਦੁਬਾਰਾ 'ਸ਼ਬਦ ਗੁਰੂ ਗ੍ਰੰਥ ਸਾਹਿਬ ਜੀ' ਸਾਹਮਣੇ ਮੱਥਾ ਟੇਕ ਕੇ ਵਾਪਿਸ ਆਪਣੀ ਥਾਂ ਉੱਪਰ ਬੈਠ ਜਾਣ। ਫਿਰ ਇਸ ਸੰਬੰਧੀ ਜੈਕਾਰਾ ਛੱਡਿਆ ਜਾਵੇ। ਲਾੜੀ/ਲਾੜਾ ਸਮੇਤ ਸਾਰੀ ਸੰਗਤ ਇਕਾਗਰਤਾ ਨਾਲ ਗੁਰਮਤਿ ਅਨੁਸਾਰ ਸ਼ਬਦ ਵੀਚਾਰ, ਕੀਰਤਨ ਆਦਿ (ਜੈਸਾ ਇੰਤਜ਼ਾਮ ਹੋਵੇ) ਸੁਣਨ। ਇਸ ਉਪਰੰਤ ਲੰਗਰ (ਜੇ ਇੰਤਜਾਮ ਕੀਤਾ ਗਿਆ ਹੋਵੇ ਤਾਂ) ਵਰਤਾਇਆ ਜਾਵੇ।

(੧੧) ਜੇ 'ਸ਼ਬਦ ਗੁਰੂ ਗ੍ਰੰਥ ਸਾਹਿਬ ਜੀ' ਦੇ ਸਰੂਪ ਦੀ ਵਿਵਸਥਾ ਨਾ ਹੋਵੇ ਤਾਂ ਗੁਰਮਤਿ ਸਮਾਗਮ ਰਾਹੀਂ ਜਾਂ 'ਕੋਰਟ ਮੈਰਿਜ' ਕੀਤੀ ਜਾ ਸਕਦੀ ਹੈ।

(੧੨) ਅਨੰਦ ਕਾਰਜ ਦੌਰਾਨ ਲਾਵਾਂ ਲੈਣ ਦੀ ਰਸਮ ਬ੍ਰਾਹਮਣੀ ਰਸਮ ਦੀ ਨਕਲ ਅਤੇ ਮਨਮਤਿ ਹੈ।

(੧੩) ਅਨੰਦ ਕਾਰਜ ਦੌਰਾਨ ਲੜਕਾ-ਲੜਕੀ ਉੱਤੇ ਫੁੱਲਾਂ ਦੀ ਵਰਖਾ ਕਰਨਾ ਵੀ ਮਨਮਤਿ ਹੈ।

(੧੪) ਸਿੱਧੇ ਜਾਂ ਅਸਿੱਧੇ ਰੂਪ ਵਿਚ ਕਿਸੇ ਵੀ ਤਰ੍ਹਾਂ ਦਾ ਦਾਜ ਲੈਣਾ ਜਾਂ ਦੇਣਾ ਮਨਮਤਿ ਹੈ।

### ਮ੍ਰਿਤੂ ਸਮੇਂ ਸੰਬੰਧੀ ਸੇਧਾਂ

(੧) ਪ੍ਰਾਣੀ ਦੀ ਮ੍ਰਿਤੂ ਮਗਰੋਂ ਮੰਜੇ ਤੋਂ ਹੇਠਾਂ ਉਤਾਰਨ ਜਾਂ ਨਾ ਉਤਾਰਨ ਸੰਬੰਧੀ ਕੋਈ ਭਰਮ ਨਹੀਂ ਕਰਨਾ। ਦੀਵਾ-ਵੱਟੀ, ਗਉ ਮਨਸਾਉਣਾ ਆਦਿ ਕੋਈ ਕਰਮਕਾਂਡ ਨਹੀਂ ਕਰਨਾ। ਪਿੱਟਣਾ, ਧਾਹਾਂ ਮਾਰਨਾ, ਸਿਆਪਾ ਕਰਨਾ ਆਦਿ ਸਹੀ ਨਹੀਂ ਹੈ। ਮਨ ਨੂੰ ਧਰਵਾਸ ਦੇਣ ਖਾਤਿਰ ਗੁਰਬਾਣੀ ਦਾ ਪਾਠ ਵਿਚਾਰ ਕੇ ਕੀਤਾ ਜਾ ਸਕਦਾ ਹੈ। ਮ੍ਰਿਤਕ ਦੇਹ ਨੂੰ ਮੱਥਾ ਟੇਕਣਾ ਜਾਂ ਗੁਰਦੁਆਰੇ ਮੱਥਾ ਟਿਕਾਉਣ ਲੈ ਜਾਣਾ, ਦੇਹ ਦੀ ਪ੍ਰਕਰਮਾ ਕਰਨੀ, ਮ੍ਰਿਤਕ ਦਾ ਮੰਜਾ ਖੜਾ ਕਰਨ ਦਾ ਭਰਮ, ਦੀਵਾ ਜਗਾਉਣ ਦਾ ਭਰਮ, ਵਾਧੂ ਕਛਿਹਰਾ ਨਾਲ ਬੰਨਣ ਦਾ ਭਰਮ, ਕਕਾਰ ਜੁਦਾ ਨਾ ਕਰਨ ਦਾ ਭਰਮ, ਸ਼ਮਸ਼ਾਨ ਘਾਟ ਦੇ ਰਸਤੇ ਵਿਚ ਬਿਬਾਨ ਰੱਖਣਾ, ਕਿਸੇ ਭਰਮ ਹੇਠ ਪਾਣੀ ਡੋਲਣਾ, ਘੜਾ ਭੰਨਣਾ, ਘਾਹ ਦੇ ਤਿਨਕੇ ਤੋੜਣਾ, ਬਬਾਣ ਸਜਾਉਣਾ/ਵੱਡਾ ਕਰਨਾ/ਬੁੱਢਾ ਮਰਨਾ ਕਰਨਾ, ਫੁੱਲੀਆਂ-ਮਖਾਣੇ/ਬਦਾਮ ਗਿਰੀਆਂ ਸੁੱਟਣਾ, ਲੱਡੂ ਵੰਡਣਾ, ਗੰਗਾ ਜਲ/ਘਿਉ ਆਦਿ ਮੂੰਹ ਵਿਚ ਪਾਉਣਾ ਜਾਂ ਲਾਸ਼ 'ਤੇ ਛਿੜਕਨਾ, ਜਲਾਉਣ ਲਈ ਦਿਨ-ਰਾਤ ਦਾ ਭਰਮ ਕਰਨਾ ਆਦਿ ਸਭ ਮਨਮਤਾਂ ਹਨ।

(੨) ਮ੍ਰਿਤਕ ਦੇਹ ਨੂੰ ਜਲਾਉਣਾ ਚਾਹੀਦਾ ਹੈ, ਉਮਰ ਭਾਂਵੇ ਕੋਈ ਵੀ ਹੋਵੇ। ਜਲਾਉਣ ਲਈ ਬਿਜਲੀ ਵਾਲੇ ਸ਼ਮਸ਼ਾਨ ਘਾਟ ਦਾ ਇਸਤੇਮਾਲ ਕਰਨਾ ਬਿਹਤਰ ਹੈ।ਜੇ ਜਲਾਉਣ ਦਾ ਪ੍ਰਬੰਧ ਨਾ ਹੋਵੇ ਤਾਂ ਦਫ਼ਨਾਉਣਾ ਜਾਂ ਜਲ ਪ੍ਰਵਾਹ ਆਦਿ ਯੋਗ ਤਰੀਕਾ ਅਪਣਾ ਲੈਣ ਵਿਚ ਕੋਈ ਹਰਜ਼ ਨਹੀਂ ਹੈ। (ਬਾਕੀ ਅਗਲੇ ਸਫ਼ੇ 'ਤੇ)

ਪ੍ਰਕਾਸ਼ਕ : ਤੱਤ ਗੁਰਮਤਿ ਪਰਿਵਾਰ
ਫਿਉਚਰ ਪੈਕ ਹਾਇਰ ਸੈਕੰਡਰੀ ਸਕੂਲ, (ਨਜ਼ਦੀਕ ਏਅਰਪੋਰਟ) ਗਾਡੀਗੜ ਅੱਪਰ, ਜੰਮੂ (ਜੰਮੂ ਅਤੇ ਕਸ਼ਮੀਰ)
www.tattgurmat.org Email: tatgurmat@gmail.com Designed By S.J.Singh

# ਸ਼ੁੱਧ ਨਾਨਕਸ਼ਾਹੀ ਕੈਲੰਡਰ

ਸੰਮਤ ੫੪੬ (ਈਸਵੀ ੨੦੧੪-੧੫)

## ਧਰਮ ਦਾ ਸਰੂਪ

| | ਨਾਨਕ ਫਲਸਫੇ ਤੋਂ ਪਹਿਲਾਂ | | ਨਾਨਕ ਫਲਸਫੇ ਅਨੁਸਾਰ |
|---|---|---|---|
| ੧੫ | ਧਰਮ ਦੇ ਨਾਮ 'ਤੇ ਪ੍ਰਚਲਿਤ ਲਗਭਗ ਹਰ ਵਿਚਾਰਧਾਰਾ ਵਿਚ ਇਸਤ੍ਰੀ ਨੂੰ ਨੀਂਵਾ ਅਤੇ ਹੀਣ ਦਰਸਾਉਣ ਵਾਲੇ ਵਿਚਾਰ ਮਿਲਦੇ ਹਨ। ਇਨ੍ਹਾਂ ਫਿਰਕਿਆਂ ਵਿਚ ਸਮਾਜਿਕ ਤੌਰ 'ਤੇ ਵੀ ਇਸਤਰੀ ਦੀ ਹਾਲਾਤ ਮਾੜੀ ਸੀ। | ੧੫ | ਬਾਬਾ ਨਾਨਕ ਜੀ ਨੇ ਹਰ ਨਾਂਹ-ਪੱਖੀ ਸਮਾਜਿਕ ਵਿਤਕਰੇ ਨੂੰ ਨਕਾਰਦਿਆਂ ਲਿੰਗ ਵਿਤਕਰੇ ਦਾ ਵਿਰੋਧ ਕੀਤਾ ਤਾਂ ਹੀ ਗੁਰਬਾਣੀ ਵਿਚ ਇਸਤਰੀ ਦੇ ਸਨਮਾਨ ਅਤੇ ਬਰਾਬਰੀ ਦਾ ਹੋਕਾ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' (ਪੰਨਾ ੪੭੩) ਆਦਿ ਰਾਹੀਂ ਦਿਤਾ ਮਿਲਦਾ ਹੈ। ਅਮਲੀ ਤੌਰ 'ਤੇ ਵੀ ਨਾਨਕ ਸਰੂਪਾਂ ਨੇ ਸਤੀ-ਪ੍ਰਥਾ ਦਾ ਵਿਰੋਧ ਅਤੇ ਵਿਧਵਾ ਵਿਵਾਹ ਆਦਿ ਕਦਮਾਂ ਰਾਹੀਂ ਇਸਤਰੀਆਂ ਨਾਲ ਬਰਾਬਰੀ ਦਾ ਸਲੂਕ ਕਰਨ ਦਾ ਰਾਹ ਦਰਸਾਇਆ। |

## ਮਾਘ (ਸੰਮਤ ੫੪੬) ਜਨਵਰੀ-ਫਰਵਰੀ (2015)

| ਸੋਮਵਾਰ<br>MONDAY | ਮੰਗਲਵਾਰ<br>TUESDAY | ਬੁਧਵਾਰ<br>WEDNESDAY | ਵੀਰਵਾਰ<br>THURSDAY | ਸ਼ੁਕਰਵਾਰ<br>FRIDAY | ਸ਼ਨੀਵਾਰ<br>SATURDAY | ਐਤਵਾਰ<br>SUNDAY |
|---|---|---|---|---|---|---|
| | ੧ ਮਾਘ<br>JAN 13 | ੨ ਮਾਘ<br>JAN 14 | ੩ ਮਾਘ<br>JAN 15 | ੪ ਮਾਘ<br>JAN 16 | ੫ ਮਾਘ<br>JAN 17 | ੬ ਮਾਘ<br>JAN 18 |
| ੭ ਮਾਘ<br>JAN 19 | ੮ ਮਾਘ<br>JAN 20 | ੯ ਮਾਘ<br>JAN 21 | ੧੦ ਮਾਘ<br>JAN 22 | ੧੧ ਮਾਘ<br>JAN 23 | ੧੨ ਮਾਘ<br>JAN 24 | ੧੩ ਮਾਘ<br>JAN 25 |
| ੧੪ ਮਾਘ<br>JAN 26 | ੧੫ ਮਾਘ<br>JAN 27 | ੧੬ ਮਾਘ<br>JAN 28 | ੧੭ ਮਾਘ<br>JAN 29 | ੧੮ ਮਾਘ<br>JAN 30 | ੧੯ ਮਾਘ<br>JAN 31 | ੨੦ ਮਾਘ<br>FEB 1 |
| ੨੧ ਮਾਘ<br>FEB 2 | ੨੨ ਮਾਘ<br>FEB 3 | ੨੩ ਮਾਘ<br>FEB 4 | ੨੪ ਮਾਘ<br>FEB 5 | ੨੫ ਮਾਘ<br>FEB 6 | ੨੬ ਮਾਘ<br>FEB 7 | ੨੭ ਮਾਘ<br>FEB 8 |
| ੨੮ ਮਾਘ<br>FEB 9 | ੨੯ ਮਾਘ<br>FEB 10 | ੩੦ ਮਾਘ<br>FEB 11 | | | | |

### ਸਿੱਖ ਇਤਿਹਾਸ ਦੇ ਪ੍ਰਮੁੱਖ ਦਿਹਾੜੇ

ਚਾਬੀਆਂ ਦਾ ਮੋਰਚਾ ਦਿਵਸ - ੭ ਮਾਘ (19 Jan)
ਜਨਮ ਦਿਵਸ ਪਾ: ੭ - ੧੯ ਮਾਘ (1 Feb)
ਵੱਡਾ ਘੱਲੂਘਾਰਾ ਦਿਵਸ - ੨੭ ਮਾਘ (9Feb)

### International days for humanity

International Day for Commemoration in Memory of Victims of the Holocaust - 27 Jan (੧੪ ਮਾਘ)

World Cancer Day - 04 Feb (੨੨ ਮਾਘ)

International Day of Zero Tolerance to Female Genital Mutilation - 06 Feb (੨੪ ਮਾਘ)

### ਬਚਿਤ੍ਰ ਨਾਟਕ (ਅਖੌਤੀ ਦਸਮ ਗ੍ਰੰਥ) ਦਾ ਪਾਜ ਉਘਾੜਦੀਆਂ ਕੁਝ ਪੁਸਤਕਾਂ

੧. ਦਸਮ ਗ੍ਰੰਥ ਨਿਰਣੈ - ਗਿਆਨੀ ਭਾਗ ਸਿੰਘ ਅੰਬਾਲਾ
੨. ਬਿਪਰਨ ਕੀ ਰੀਤ ਤੋਂ ਸੱਚ ਦਾ ਮਾਰਗ - ਗੁਰਬਖਸ਼ ਸਿੰਘ ਕਾਲਾ ਅਫਗਾਨਾ
੩. ਦਸਮ ਗ੍ਰੰਥ ਦੀ ਵਿਚਾਰ (ਗੁਰਬਾਣੀ ਦੀ ਕਸਵੱਟੀ 'ਤੇ) - ਡਾ. ਗੁਰਮੁੱਖ ਸਿੰਘ ਦਿੱਲੀ
੪. ਦਸਮ ਗ੍ਰੰਥ ਦਾ ਲਿਖਾਰੀ ਕੌਣ? (ਭਾਗ ੧ ਅਤੇ ੨) - ਜਸਬਿੰਦਰ ਸਿੰਘ ਦੁਬਈ
੫. ਦਸਮ ਗ੍ਰੰਥ ਦੀ ਅਸਲੀਅਤ - ਦਲਬੀਰ ਸਿੰਘ ਦਿੱਲੀ

ਵਿਸ਼ੇਸ਼ ਨੋਟ: ਉਪਰੋਕਤ ਪੁਸਤਕਾਂ ਦੀ ਸਾਮੱਗਰੀ ਨਾਲ 'ਤੱਤ ਗੁਰਮਤਿ ਪਰਿਵਾਰ' ਦਾ ਪੂਰੀ ਤਰ੍ਹਾਂ ਸਹਿਮਤ ਹੋਣਾ ਜ਼ਰੂਰੀ ਨਹੀਂ।

### ਮ੍ਰਿਤੂ ਸਮੇਂ ਸੰਬੰਧੀ ਸੇਧਾਂ :

(੩) ਮ੍ਰਿਤਕ ਦੇਹ ਦੇ ਕੰਮ ਆਉਣ ਯੋਗ ਅੰਗਾਂ ਨੂੰ ਲੋੜਵੰਦਾਂ ਦੀ ਸਹਾਇਤਾ ਲਈ ਅਰਪਿਤ ਕਰਨ ਦਾ ਯਤਨ ਕੀਤਾ ਜਾਵੇ। ਪੂਰੀ ਦੇਹ ਮੈਡੀਕਲ ਖੋਜ ਕਾਰਜਾਂ ਲਈ ਅਰਪਿਤ ਕਰਨਾ ਬਿਹਤਰ ਹੈ। (੪) ਮ੍ਰਿਤਕ ਦੇਹ ਦੇ ਸਸਕਾਰ ਤੋਂ ਪਹਿਲਾਂ ਯੋਗ ਸਫਾਈ ਕਰ ਲੈਣ ਵਿਚ ਕੋਈ ਹਰਜ਼ ਨਹੀਂ ਹੈ ਪਰ ਇਸ ਸੰਬੰਧੀ ਕੋਈ ਭਰਮ ਨਹੀਂ ਕਰਨਾ।

(੫) ਸ਼ਮਸ਼ਾਨ ਘਾਟ ਵੱਲ ਜਾਣ ਵੇਲੇ ਗੁਰਬਾਣੀ ਸ਼ਬਦਾਂ ਦਾ ਗਾਇਨ ਕਰਨਾ ਯੋਗ ਹੈ। ਮ੍ਰਿਤਕ ਦੇਹ ਦੀ ਚਿਖਾ ਵਿਚ ਚੰਦਨ ਦੀਆਂ ਲਕੜਾਂ ਪਾਉਣਾ, ਦੇਸੀ ਘਿਉ ਪਾਉਣਾ ਆਦਿ ਭਰਮ ਅਤੇ ਵਿਖਾਵਾ ਹੈ। ਅਗਨ ਭੇਟ ਸਾਦੇ ਢੰਗ ਨਾਲ ਕੀਤਾ ਜਾਵੇ। ਜੇ ਮ੍ਰਿਤਕ ਦੇਹ ਨੂੰ ਮੈਡੀਕਲ ਖੋਜ ਲਈ ਅਰਪਿਤ ਕਰਨਾ ਹੋਵੇ ਤਾਂ ਸ਼ਮਸ਼ਾਨ ਘਾਟ ਜਾਣ ਦੀ ਲੋੜ ਨਹੀਂ ਹੈ।

(੬) ਮ੍ਰਿਤਕ ਦੇਹ ਨੂੰ ਕੋਈ ਵੀ ਅਗਨ ਭੇਟ ਕਰ ਸਕਦਾ ਹੈ, ਜ਼ਰੂਰੀ ਨਹੀਂ ਪੁੱਤਰ ਹੀ ਕਰੇ।

(੭) ਅੰਗੀਠਾ ਠੰਡਾ ਹੋਣ 'ਤੇ ਅਸਥੀਆਂ ਰਾਖ (ਸੁਆਹ) ਸਣੇ ਇਕੱਠੀਆਂ ਕਰਕੇ ਥੈਲੇ ਵਿਚ ਪਾ ਲਈਆਂ ਜਾਣ। ਅਸਥੀਆਂ ਨੂੰ ਅਲੱਗ ਚੁਣਨਾ ਮਨਮਤਿ ਹੈ। ਇਸ ਨੂੰ ਨੇੜੇ ਵਗਦੇ ਕਿਸੇ ਦਰਿਆ/ਨਦੀ/ਨਹਿਰ ਵਿਚ ਪ੍ਰਵਾਹ ਕਰ ਦਿਤਾ ਜਾਵੇ। ਅੰਗੀਠੇ ਦੀ ਰਾਖ/ਅਸਥੀਆਂ ਨੂੰ ਕੀਰਤਪੁਰ, ਗੋਇੰਦਵਾਲ, ਹਰਿਦੁਆਰ, ਮਟਨ ਸਮੇਤ ਕਿਸੇ ਖਾਸ ਥਾਂ ਪ੍ਰਵਾਹ ਕਰਨ ਦੀ ਸੋਚ ਮਨਮਤਿ ਹੈ।

(੮) ਮ੍ਰਿਤਕ ਸੰਬੰਧੀ ਕੋਈ ਥੜਾ, ਮੜੀ, ਸਮਾਧ, ਦੇਹੁਰਾ ਆਦਿ ਬਣਾਉਣਾ ਗਲਤ ਹੈ।

(੯) ਸਸਕਾਰ ਤੋਂ ਬਾਅਦ ਹੀ ਸ਼ਮਸ਼ਾਨ ਘਾਟ ਵਿਚ ਜਾਂ ਘਰ ਆ ਕੇ 'ਭਾਣਾ ਮੰਨਣ' ਦੀ ਸੇਧ ਗੁਰਬਾਣੀ ਤੋਂ ਲੈਂਦੇ ਹੋਏ ਸਹਿਜ ਵਿਚ ਰਹਿਣ ਦਾ ਯਤਨ ਕੀਤਾ ਜਾਵੇ।

(੧੦) ਸਸਕਾਰ ਤੋਂ ਕੁਝ ਦਿਨ ਬਾਅਦ ਤੱਕ ਪਰਿਵਾਰ ਵਾਲੇ ਚਾਹੁਣ ਤਾਂ ਕੁਝ ਦਿਨ ਸ਼ਬਦ-ਕੀਰਤਨ/ਸ਼ਬਦ-ਵਿਚਾਰ ਕਰ/ਕਰਵਾ ਸਕਦੇ ਹਨ। ਇਸ ਦਾ ਮਕਸਦ ਗੁਰਮਤਿ ਨਾਲ ਜੁੜਨਾ/ਜੋੜਨਾ ਹੋਵੇ, ਮ੍ਰਿਤਕ ਦੀ ਮੁਕਤੀ ਦਾ ਭਰਮ ਜਾਂ ਸ਼ਰਧਾਂਜਲੀ ਨਹੀਂ। ਮ੍ਰਿਤਕ ਸੰਬੰਧੀ ਕਿਸੇ ਕਿਸਮ ਦਾ ਰਸਮੀ (ਅਖੰਡ/ਸਪਤਾਹ/ਸਹਿਜ) ਪਾਠ ਰੱਖਣਾ ਮਨਮਤਿ ਹੈ। ਜੇ ਪਰਿਵਾਰ ਵਾਲੇ ਚਾਹੁਣ ਤਾਂ ਗੁਰਮਤਿ ਪ੍ਰਚਾਰ ਦੇ ਮਕਸਦ ਨਾਲ ਕੁਝ ਦਿਨਾਂ ਬਾਅਦ ਇਕ ਸਮਾਗਮ ਕਰਵਾ ਸਕਦੇ ਹਨ। ਪਰ ਇਹ ਸਮਾਗਮ ਕਰਮ-ਕਾਂਡਾਂ ਰਹਿਤ ਹੋਵੇ। ਇਸ ਵਿਚ ਪ੍ਰਾਣੀ ਨਮਿੱਤ ਮੰਜਾ, ਬਿਸਤਰਾ, ਭਾਂਡੇ, ਕਪੜਾ, ਫਲ ਆਦਿਕ ਦਾਨ ਕਰਨਾ ਮਨਮਤਿ ਹੈ। 'ਸ਼ਬਦ ਗੁਰੂ ਗ੍ਰੰਥ ਸਾਹਿਬ ਜੀ' ਦੇ ਸਰੂਪ ਦੀ ਹਜ਼ੂਰੀ ਵਿਚ ਮ੍ਰਿਤਕ ਦੀ ਤਸਵੀਰ ਨਾ ਰੱਖੀ ਜਾਵੇ।

### ਬਜਰ ਕੁਰਹਿਤਾਂ

ਸੰਕਲਪ:- ਮਨੁੱਖ ਗਲਤੀਆਂ ਦਾ ਪੁਤਲਾ ਹੈ, ਸੋ ਜਾਣੇ/ਅਨਜਾਣੇ ਵਿਚ ਭੁੱਲ ਹੋ ਜਾਣਾ ਕੋਈ ਵੱਡੀ ਗੱਲ ਨਹੀਂ ਹੈ। ਬਜਰ ਕੁਰਿਹਤਾਂ, ਉਹ ਕੁਝ ਮੂਲ ਗਲਤੀਆਂ ਹਨ, ਜੋ ਕਿਸੇ ਮਨੁੱਖ ਦੇ ਚਰਿੱਤਰ ਦੇ ਬਹੁਪੱਖੀ ਘਾਣ ਅਤੇ ਸਮਾਜ ਵਿਚ ਅਰਾਜਕਤਾ ਫੈਲਾਉਣ ਦਾ ਕਾਰਨ ਬਣਦੀਆਂ ਹਨ। ਬਜਰ ਕੁਰਿਹਤਾਂ ਪ੍ਰਤੀ ਕਿਸੇ ਬਾਹਰੀ ਡੰਡੇ ਦੀ ਨਹੀਂ, ਬਲਕਿ ਗੁਰਮਤਿ ਦੀ ਸੇਧ ਵਿਚ ਆਪਣੇ ਜ਼ਮੀਰ ਦੀ ਸਵੈ-ਪੜਚੋਲ ਕਰਨ ਦੀ ਲੋੜ ਹੈ। ਅਨਜਾਣੇ ਵਿਚ ਹੋਈ ਭੁੱਲ ਜਾਂ ਗਲਤੀ ਨੂੰ ਇਕ ਵਾਰ ਅਣਗੌਲਿਆਂ ਕੀਤਾ ਜਾ ਸਕਦਾ ਹੈ, ਪਰ ਜਾਣਦੇ-ਬੁਝਦੇ ਹੋਏ ਗਲਤੀ ਕਰਨਾ ਅਤੇ ਗਲਤੀ ਨੂੰ ਵਾਰ-ਵਾਰ ਦੁਹਰਾਉਣਾ ਗੁਰਮਤਿ ਦੀ ਸੇਧ ਤੋਂ ਮੁਨਕਰ ਹੋਣ ਦੇ ਤੁੱਲ ਹੈ। ਗੁਰਮਤਿ ਦੀ ਸੇਧ ਵਿਚ ਲਗਾਤਾਰ ਮਨ ਦੀ ਸਵੈ-ਪੜਚੋਲ ਕਰਦੇ ਰਹਿਣਾ ਹੀ ਇਨ੍ਹਾਂ ਗਲਤੀਆਂ ਤੋਂ ਬਚਾਅ ਦਾ ਇਕ ਢੰਗ ਹੈ।

(੧) ਬੇਈਮਾਨੀ (੨) ਕੇਸਾਂ ਦਾ ਕਤਲ ਕਰਵਾਉਣਾ (੩) ਪਰ ਨਾਰੀ ਪਰ ਪੁਰਖ ਦਾ ਗਮਨ (ਪਰ ਤਨ ਗਮਨ) (੪) ਤੰਬਾਕੂ, ਭੰਗ, ਅਫੀਮ, ਸ਼ਰਾਬ ਸਮੇਤ ਹੋਰ ਕਿਸੇ ਵੀ ਨਸ਼ੇ ਦਾ ਸੇਵਨ (੫) ਕੁੱਠਾ ਮਾਸ (ਉਹ ਮਾਸ ਜੋ ਧਰਮ ਦੇ ਨਾਮ ਨਾਲ ਜੋੜਿਆ ਜਾਂਦਾ ਹੈ, ਜਿਵੇਂ ਹਲਾਲ, ਬਲੀ ਵਾਲਾ ਮਾਸ ਆਦਿ)।

ਪ੍ਰਕਾਸ਼ਕ : ਤੱਤ ਗੁਰਮਤਿ ਪਰਿਵਾਰ
ਫਿਉਚਰ ਪੈਕ ਹਾਇਰ ਸੈਕੰਡਰੀ ਸਕੂਲ, (ਨਜ਼ਦੀਕ ਏਅਰਪੋਰਟ) ਗਾਡੀਗੜ ਅੱਪਰ, ਜੰਮੂ (ਜੰਮੂ ਅਤੇ ਕਸ਼ਮੀਰ)
www.tattgurmat.org Email: tatgurmat@gmail.com Designed By S.J.Singh

# ਸ਼ੁੱਧ ਨਾਨਕਸ਼ਾਹੀ ਕੈਲੰਡਰ

## ਸੰਮਤ ੫੪੬ (ਈਸਵੀ ੨੦੧੪-੧੫)

## ਧਰਮ ਦਾ ਸਰੂਪ

| | ਨਾਨਕ ਫਲਸਫੇ ਤੋਂ ਪਹਿਲਾਂ | | ਨਾਨਕ ਫਲਸਫੇ ਅਨੁਸਾਰ |
|---|---|---|---|
| ੧੬ | ਪਹਿਲਾਂ ਪ੍ਰਚਲਿਤ ਮੱਤਾਂ ਨੇ ਆਪਣੇ ਸਮਰਥਕਾਂ ਨੂੰ ਉੱਤਮ ਐਲਾਨਦਿਆਂ, ਅਨਮੱਤ ਨੂੰ ਮੰਨਣ ਵਾਲਿਆਂ ਨੂੰ ਨੀਚ, ਮਲੇਛ, ਕਾਫਰ ਆਦਿ ਦੇ ਫਤਵਿਆਂ ਨਾਲ ਨਿਵਾਜਦਿਆਂ ਨਫਰਤ ਅਤੇ ਫਿਰਕਾਪ੍ਰਸਤੀ ਦਾ ਮੁਜ਼ਾਹਰਾ ਕੀਤਾ। ਅਮਲੀ ਤੌਰ ’ਤੇ ਵੀ ਧਰਮ ਦੇ ਨਾਂ ਹੇਠ ਜ਼ਜੀਆ ਆਦਿ (ਟੈਕਸ) ਲਾਉਣਾ ਇਸ ਦੀ ਇਕ ਮਿਸਾਲ ਹੈ। | ੧੬ | ਬਾਬਾ ਨਾਨਕ ਜੀ ਦੀ ਆਪਣੀ ਬਾਣੀ ਵਿਚ ਰੱਬ ਦੇ ਵੱਖ-ਵੱਖ ਮੱਤਾਂ ਵਿਚ ਪ੍ਰਚਲਿਤ ਨਾਂਵਾਂ ਦੀ ਨਿਰਸੰਕੋਚ ਵਰਤੋਂ ਆਦਿ ਨੁਕਤਿਆਂ ਰਾਹੀਂ ਬ੍ਰਾਹਮੰਡੀ ਏਕੇ ਦਾ ਖ਼ੂਬਸੂਰਤ ਨਜ਼ਾਰਾ ਥਾਂ-ਥਾਂ ਵੇਖਿਆ ਜਾ ਸਕਦਾ ਹੈ। ਉਨ੍ਹਾਂ ਨੇ ‘ਸਚ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਹਮਣ ਮਉਲਾਣੇ॥ ਦਾ ਸੱਚ ਬੇਬਾਕੀ ਨਾਲ ਪੇਸ਼ ਕਰਦਿਆਂ ਧਰਮ ਦੇ ਨਾਮ ’ਤੇ ਫੈਲਾਈ ਜਾ ਰਹੀ ਫਿਰਕਾਪ੍ਰਸਤੀ ਦਾ ਪਰਦਾਫਾਸ਼ ਲੋਕਾਈ ਸਾਹਮਣੇ ਕੀਤਾ। |

## ਫੱਗਣ (ਸੰਮਤ ੫੪੬) ਫਰਵਰੀ-ਮਾਰਚ (2015)

| ਸੋਮਵਾਰ MONDAY | ਮੰਗਲਵਾਰ TUESDAY | ਬੁਧਵਾਰ WEDNESDAY | ਵੀਰਵਾਰ THURSDAY | ਸ਼ੁਕਰਵਾਰ FRIDAY | ਸ਼ਨੀਵਾਰ SATURDAY | ਐਤਵਾਰ SUNDAY |
|---|---|---|---|---|---|---|
| | | | ੧ ਫੱਗਣ FEB 12 | ੨ ਫੱਗਣ FEB 13 | ੩ ਫੱਗਣ FEB 14 | ੪ ਫੱਗਣ FEB 15 |
| ੫ ਫੱਗਣ FEB 16 | ੬ ਫੱਗਣ FEB 17 | ੭ ਫੱਗਣ FEB 18 | ੮ ਫੱਗਣ FEB 19 | ੯ ਫੱਗਣ FEB 20 | ੧੦ ਫੱਗਣ FEB 21 | ੧੧ ਫੱਗਣ FEB 22 |
| ੧੨ ਫੱਗਣ FEB 23 | ੧੩ ਫੱਗਣ FEB 24 | ੧੪ ਫੱਗਣ FEB 25 | ੧੫ ਫੱਗਣ FEB 26 | ੧੬ ਫੱਗਣ FEB 27 | ੧੭ ਫੱਗਣ FEB 28 | ੧੮ ਫੱਗਣ MARCH 1 |
| ੧੯ ਫੱਗਣ MARCH 2 | ੨੦ ਫੱਗਣ MARCH 3 | ੨੧ ਫੱਗਣ MARCH 4 | ੨੨ ਫੱਗਣ MARCH 5 | ੨੩ ਫੱਗਣ MARCH 6 | ੨੪ ਫੱਗਣ MARCH 7 | ੨੫ ਫੱਗਣ MARCH 8 |
| ੨੬ ਫੱਗਣ MARCH 9 | ੨੭ ਫੱਗਣ MARCH 10 | ੨੮ ਫੱਗਣ MARCH 11 | ੨੯ ਫੱਗਣ MARCH 12 | ੩੦ ਫੱਗਣ MARCH 13 | | |

### ਸਿੱਖ ਇਤਿਹਾਸ ਦੇ ਪ੍ਰਮੁੱਖ ਦਿਹਾੜੇ

ਸਾਕਾ ਨਨਕਾਣਾ ਸਾਹਿਬ ਅਤੇ ਜੈਤੋ ਕਾ ਮੋਰਚਾ ਦਿਵਸ
- ੧੦ ਫੱਗਣ (21 Feb)

### International days for humanity

World Day of Social Justice - 20 Feb (੯ ਫੱਗਣ)
International Mother Language Day - 21 Feb (੧੦ ਫੱਗਣ)
Zero Discrimination Day - 1 Mar (੧੮ ਫੱਗਣ)
World Wildlife Day - 3 Mar (੨੦ ਫੱਗਣ)
International Women's Day - 8 Mar (੨੫ ਫੱਗਣ)

### ਕੁਝ ਹੋਰ ਪੁਸਤਕਾਂ

੧. ਸੋ ਦਰੁ - ਜੋਗਿੰਦਰ ਸਿੰਘ ਸਪੋਕਸਮੈਨ
੨. ਮੁੰਦਾਵਣੀ - ਗਿਆਨੀ ਗੁਰਦਿੱਤ ਸਿੰਘ
੩. ਸਿੱਖ ਇਤਿਹਾਸ - ਖੁਸ਼ਵੰਤ ਸਿੰਘ
੪. ਤੇ ਸਿੱਖ ਵੀ ਨਿਗਲਿਆ ਗਿਆ -ਕੁਲਬੀਰ ਸਿੰਘ ਕੌੜਾ
੫. ਸਿੱਖੀ ਦਾ ਦਰਸ਼ਨ - ਹਰਦੇਵ ਸਿੰਘ ਜੰਮੂ
੬. ਅਕਾਲ ਤਖ਼ਤ-ਸੰਕਲਪ ਅਤੇ ਵਿਵਸਥਾ - ਡਾ. ਇਕਬਾਲ ਸਿੰਘ ਢਿੱਲੋਂ
੭. ਇਤਿਹਾਸ ਵਿਚ ਸਿੱਖ (Sikh iIn History) - ਡਾ. ਸੰਗਤ ਸਿੰਘ

ਵਿਸ਼ੇਸ਼ ਨੋਟ: ਉਪਰੋਕਤ ਪੁਸਤਕਾਂ ਦੀ ਸਾਮੱਗਰੀ ਨਾਲ ‘ਤੱਤ ਗੁਰਮਤਿ ਪਰਿਵਾਰ’ ਦਾ ਪੂਰੀ ਤਰ੍ਹਾਂ ਸਹਿਮਤ ਹੋਣਾ ਜ਼ਰੂਰੀ ਨਹੀਂ।

## ਕਕਾਰ

ਸੰਕਲਪ:- ਕਕਾਰ ਮਨੁੱਖ ਦੇ ਰੋਜ਼ਮ੍ਰਰਾ ਦੀਆਂ ਮੁਢਲੀਆਂ ਲੋੜਾਂ ਵਿਚੋਂ ਹਨ। ਅਨਮਤਾਂ ਦੇ ਤਿਲਕ, ਜਨੇਉ, ਸੁੰਨਤ ਆਦਿ ਵਾਂਙੂ ਇਹ ਕੋਈ ਧਾਰਮਿਕ ਚਿੰਨ੍ਹ ਨਹੀਂ ਹਨ। ਗੁਰਮਤਿ ਧਰਮ ਦੇ ਨਾਂ ’ਤੇ ਚਿੰਨ੍ਹ ਧਾਰਨ ਕਰਨ ਨੂੰ ਸਹੀ ਨਹੀਂ ਮੰਨਦੀ। ਗੁਰਮਤਿ ਵਿਚ ਧਰਮ ਦੇ ਨਾਂ ’ਤੇ ਚਿੰਨ੍ਹ ਧਾਰਨ ਕਰਨ ਦਾ ਖੰਡਨ ਥਾਂ-ਥਾਂ ਮਿਲਦਾ ਹੈ।
(੧) ਕਿਰਪਾਨ (੨) ਕੇਸ (੩) ਕਛਿਹਰਾ (੪) ਕੜਾ (੫) ਕੰਘਾ

## ਖੰਡੇ ਦੀ ਪਾਹੁਲ

ਸੰਕਲਪ:- ਖੰਡੇ ਦੀ ਪਾਹੁਲ ਵਾਲੀ ਰਸਮ ਦਾ ਮਕਸਦ ਉਨ੍ਹਾਂ ‘ਸਿੱਖਾਂ’ ਦੀ ਪਛਾਣ ਕਰਨਾ ਹੈ, ਜੋ ਨਾਨਕ ਫਲਸਫੇ (ਗੁਰਮਤਿ) ਨਾਲ ਪੂਰੀ ਤਰ੍ਹਾਂ ਸਹਿਮਤ ਹੁੰਦਿਆਂ, ਸਮੁੱਚੀ ਮਨੁੱਖਤਾ ਦੇ ਭਲੇ ਲਈ ਲੋੜ ਪੈਣ ’ਤੇ ਆਪਾ ਤੱਕ ਵਾਰ ਸਕਣ, ਗੁਰਮਤਿ ਰੌਸ਼ਨੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਨਿਸ਼ਕਾਮਤਾ ਅਤੇ ਸੁਹਿਰਦਤਾ ਨਾਲ ਸਮਰਪਿਤ ਹੋਣਾ ਚਾਹੁੰਦੇ ਹਨ। ਇਸ ਵਾਸਤੇ ਯੋਗਤਾ ਜਾਂਚਣ ਲਈ ਇਕ ਪ੍ਰੀਖਿਆ ਵੀ ਹੋਵੇਗੀ, ਤਾਂ ਕਿ ਅਯੋਗ ਬੰਦੇ ਨੂੰ ਅੱਗੇ ਆਉਣ ਤੋਂ ਰੋਕਿਆ ਜਾ ਸਕੇ। ਪਾਹੁਲਧਾਰੀ ਅਤੇ ਗੈਰ-ਪਾਹੁਲਧਾਰੀ ਵਿਚ ਕੋਈ ਫਰਕ ਨਾ ਸਮਝਿਆ ਜਾਵੇ।

ਖੰਡੇ ਦੀ ਪਾਹੁਲ ਦੀ ਰਸਮ ਸੰਬੰਧੀ ਕੁਝ ਸੇਧਾਂ:

(੧) ਖੰਡੇ ਦੀ ਪਾਹੁਲ ਦੀ ਰਸਮ ਇਕਾਂਤ ਥਾਂ ’ਤੇ ਹੋਵੇ। ‘ਸ਼ਬਦ ਗੁਰੂ ਗ੍ਰੰਥ ਸਾਹਿਬ ਜੀ’ ਦਾ ਪ੍ਰਕਾਸ਼ ਹੋਣਾ ਲਾਜ਼ਮੀ ਹੈ। ਇਸ ਕਾਰਜ ਵਾਸਤੇ ਘੱਟੋ-ਘੱਟ ੬ ਪਾਹੁਲਧਾਰੀ ਸਿੱਖਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਇਨ੍ਹਾਂ ਵਿਚੋਂ ਇਕ ਤਾਬਿਆਂ ਬੈਠ ਕੇ ਚੌਰ ਕਰੇ, ਬਾਕੀ ਪੰਜ ਪਾਹੁਲ ਤਿਆਰ ਕਰਨ। ਇਨ੍ਹਾਂ ਵਿਚੋਂ ਕੋਈ ਵੀ ਫੈਲਣ ਵਾਲੇ ਰੋਗ ਨਾਲ ਗ੍ਰਸਤ ਨਾ ਹੋਵੇ।

(੨) ਹਰ ਮਨੁੱਖ ਬਿਨਾਂ ਕਿਸੇ ਭੇਦ-ਭਾਵ ਦੇ ਖੰਡੇ ਦੀ ਪਾਹੁਲ ਲੈਣ ਦਾ ਹੱਕਦਾਰ ਹੈ, ਬਸ਼ਰਤੇ ਉਹ ਨਿਰਧਾਰਿਤ ‘ਯੋਗਤਾ ਪ੍ਰੀਖਿਆ’ ਪਾਸ ਕਰੇ।

(੩) ਪਾਹੁਲ ਦੇ ਅਭਿਲਾਖੀ ਦੀ ਉਮਰ ਬਹੁਤੀ ਛੋਟੀ ਨਾ ਹੋਵੇ, ਹੋਸ਼ ਸੰਭਾਲੀ ਹੋਵੇ। ਪਾਹੁਲ ਲੈਣ ਸਮੇਂ ਪੰਜ ਕਕਾਰੀ ਵਰਦੀ ਵਿਚ ਹੋਵੇ। ਖੰਡੇ ਦੀ ਪਾਹੁਲ ਛਕਾ ਰਹੇ ਸੱਜਣਾਂ ਦਾ ਵੀ ਕਕਾਰਧਾਰੀ ਹੋਣਾ ਜ਼ਰੂਰੀ ਹੈ।

(੪) ਕਿਸੇ ਨੇ ਪਹਿਲਾਂ ਪਾਹੁਲ ਲੈ ਕੇ ਕੋਈ ਬਜਰ ਕੁਰਿਹਤ ਕੀਤੀ ਹੋਵੇ ਤਾਂ ਉਹ ਰੱਬ ਨੂੰ ਹਾਜ਼ਰ-ਨਾਜ਼ਰ ਸਮਝ ਕੇ, ਨੇਕ ਨੀਅਤ ਨਾਲ ਪਛਤਾਵਾ ਕਰਦਾ ਹੋਇਆ, ਗਲਤੀ ਦੁਬਾਰਾ ਨਾ ਦੁਹਰਾਉਣ ਦਾ ਪ੍ਰਣ ਕਰੇ। ਮੁੜ ਪਾਹੁਲ ਲੈਣ ਲਈ ਉਸ ਨੂੰ ਦੁਬਾਰਾ ਪੰਜ ਪਿਆਰਿਆਂ ਸਾਹਮਣੇ ਪੇਸ਼ ਹੋਣ ਦੀ ਲੋੜ ਨਹੀਂ ਹੈ।

(੫) ਪਾਹੁਲ ਛਕਾਉਣ ਵਾਲੇ ਸਿੰਘ/ਸਿੰਘਣੀਆਂ ਵਿਚੋਂ ਕੋਈ ਵੀ ਇਕ ਚਾਹਵਾਨਾਂ ਨੂੰ ਪਾਹੁਲ ਦਾ ਸੰਕਲਪ ਸਮਝਾਏ। ਉਹ ਸਾਰੇ ਚਾਹਵਾਨਾਂ ਤੋਂ ਉਨ੍ਹਾਂ ਦੀ ਰਜ਼ਾਮੰਦੀ ਇਕ ਵਾਰ ਫੇਰ ਪੁੱਛੇ। ਜੇ ਕਿਸੇ ਚਾਹਵਾਨ ਨੂੰ ਕੋਈ ਸ਼ੰਕਾ ਹੈ ਤਾਂ ਉਸ ਦੀ ਨਵਿਰਤੀ ਕੀਤੀ ਜਾਵੇ।

(੬) ਬਾਟੇ ਵਿਚ ਲੋੜ ਅਨੁਸਾਰ ਸਾਫ ਜਲ ਪਾ ਕੇ ਅਤੇ ਪਤਾਸੇ ਪਾ ਕੇ ਪੰਜ ਪਾਹੁਲਧਾਰੀ ਬਾਟੇ ਦੇ ਇਰਦ ਗਿਰਦ ਬੈਠ ਜਾਣ। ਪੰਜੇ ਮਿਲ ਕੇ ਇਕਾਗਰਚਿੱਤ ਹੋ ਕੇ ‘ਸ਼ਬਦ ਗੁਰੂ ਗ੍ਰੰਥ ਸਾਹਿਬ ਜੀ’ ਦੇ ਪਹਿਲੇ ੧੩ ਪੰਨਿਆਂ ’ਤੇ ਅੰਕਿਤ ਮੂਲ ਸਿਧਾਂਤਾਂ ਨੂੰ ਸਪਸ਼ਟ ਕਰਦੀਆਂ ਬਾਣੀਆਂ (ਜਪੁ, ਸੋਦਰੁ, ਸੋ ਪੁਰਖੁ, ਸੋਹਿਲਾ) ਪੜ੍ਹਨ। ਪਾਣੀ ਵਿਚ ਖੰਡਾ ਵੀ ਫੇਰੀ ਜਾਣ। ਅਭਿਲਾਖੀਆਂ ਸਮੇਤ ਸਾਰੇ ਹਾਜ਼ਰੀਨ ਇਕਾਗਰਚਿੱਤ ਹੋ ਕੇ ਬਾਣੀ ਨੂੰ ਸੁਣਨ।

(੭) ਉਪਰੰਤ ਇਕ-ਇਕ ਅਭਿਲਾਖੀ ਨੂੰ ਬਿਨਾਂ ਕਿਸੇ ਵਿਤਕਰੇ ਦੇ ਵਾਰੀ-ਵਾਰੀ ਤਿਆਰ ‘ਪਾਹੁਲ’ ਥੋੜੀ-ਥੋੜੀ ਛਕਾਈ ਜਾਵੇ ਅਤੇ ਇਕੋ ਬਾਟੇ ਵਿਚੋਂ ਦੋ ਵਾਰ ਘੁਮਾ ਕੇ ਛਕਾਈ ਜਾਵੇ।

(੮) ਇਸ ਉਪਰੰਤ ਇਸ ਕਾਰਜ ਦੀ ਸੰਪੂਰਨਤਾ ਦੀ ਸਮਝੀ ਜਾਵੇ। ਉਪਰੰਤ ਸਾਰੇ ਰਲ-ਮਿਲ ਲੰਗਰ ਛਕਣ।

ਪ੍ਰਕਾਸ਼ਕ : ਤੱਤ ਗੁਰਮਤਿ ਪਰਿਵਾਰ
ਫਿਉਚਰ ਪੈਕ ਹਾਇਰ ਸੈਕੰਡਰੀ ਸਕੂਲ, (ਨਜ਼ਦੀਕ ਏਅਰਪੋਰਟ) ਗਾਡੀਗੜ ਅੱਪਰ, ਜੰਮੂ (ਜੰਮੂ ਅਤੇ ਕਸ਼ਮੀਰ)
www.tattgurmat.org Email: tatgurmat@gmail.com Designed By S.J.Singh

# ਸ਼ੁੱਧ ਨਾਨਕਸ਼ਾਹੀ ਕੈਲੰਡਰ

ਸੰਮਤ ੫੪੬ (ਈਸਵੀ ੨੦੧੪-੧੫)

ਅਫਸੋਸ ! ਦੁਨੀਆਂ ਦਾ ਸਭ ਤੋਂ ਖੂਬਸੂਰਤ, ਸਰਬਹਿਤਕਾਰੀ ,ਨਿਆਂਸ਼ੀਲ, ਤਰਕਸ਼ੀਲ, ਸਮਾਜਕ ਬਰਾਬਰੀ ਆਦਿ ਸਰਬਗੁਣ ਸੰਪੰਨ ਬ੍ਰਹਿਮੰਡੀ ਫਲਸਫੇ ਦੀ ਪੈਰੋਕਾਰ ਹੋਣ ਦਾ ਦਾਅਵਾ ਕਰਨ ਵਾਲੀ ਸਿੱਖ ਕੌਮ, ਆਪ ਉਸ ਹਾਲਾਤ ਵਿਚ ਪਹੁੰਚ ਗਈ ਹੈ, ਜਿੱਥੇ ਬਾਬਾ ਨਾਨਕ ਜੀ ਤੋਂ ਪਹਿਲਾਂ ਪ੍ਰਚਲਿਤ ਹੋਰ ਫਿਰਕੇ ਸਨ। ਅੱਜ ਉਹ ਸਾਰੇ ਅੰਧਵਿਸ਼ਵਾਸ, ਕਰਮਕਾਂਡ, ਰੂੜੀਵਾਦੀ ਮਾਨਤਾਵਾਂ, ਮਨਮੱਤਾਂ ਰੂਪ ਬਦਲ ਕੇ ਸਿੱਖ ਸਮਾਜ ਵਿਚ ਕੇਂਦਰੀ ਤੌਰ 'ਤੇ ਪ੍ਰਚਲਿਤ ਹੋ ਚੁੱਕੀਆਂ ਹਨ।

ਕੀ ਅਸੀਂ ਆਪਣੀ ਇਸ ਹਾਲਤ 'ਤੇ ਪੁਨਰਵਿਚਾਰ ਕਰਨ ਦੀ ਹਾਂ-ਪੱਖੀ ਕੋਸ਼ਿਸ਼ ਕਰਾਂਗੇ ਜਾਂ ਗੁਰਮਤਿ ਦੇ ਲਾਸਾਨੀ ਫਲਸਫੇ ਨੂੰ ਪਿੱਠ ਵਿਖਾਉਂਦਿਆਂ ਇਸ ਦੇ ਕਾਤਲਾਂ ਵਿਚ ਸ਼ਾਮਿਲ ਹੁੰਦੇ ਹੋਏ ਵੀ ਧਰਮੀ ਹੋਣ ਦਾ ਭਰਮ ਪਾਲਣ ਨੂੰ ਹੀ 'ਸਿੱਖੀ' ਮੰਨੀ ਰਖਾਂਗੇ ?

## ਚੇਤ (ਸੰਮਤ ੫੪੬) ਮਾਰਚ-ਅਪ੍ਰੈਲ (2015)

| ਸੋਮਵਾਰ MONDAY | ਮੰਗਲਵਾਰ TUESDAY | ਬੁਧਵਾਰ WEDNESDAY | ਵੀਰਵਾਰ THURSDAY | ਸ਼ੁਕਰਵਾਰ FRIDAY | ਸ਼ਨੀਵਾਰ SATURDAY | ਐਤਵਾਰ SUNDAY |
|---|---|---|---|---|---|---|
| ੩੧ ਚੇਤ APRIL 13 | | | | | ੧ ਚੇਤ MARCH 14 | ੨ ਚੇਤ MARCH 15 |
| ੩ ਚੇਤ MARCH 16 | ੪ ਚੇਤ MARCH 17 | ੫ ਚੇਤ MARCH 18 | ੬ ਚੇਤ MARCH 19 | ੭ ਚੇਤ MARCH 20 | ੮ ਚੇਤ MARCH 21 | ੯ ਚੇਤ MARCH 22 |
| ੧੦ ਚੇਤ MARCH 23 | ੧੧ ਚੇਤ MARCH 24 | ੧੨ ਚੇਤ MARCH 25 | ੧੩ ਚੇਤ MARCH 26 | ੧੪ ਚੇਤ MARCH 27 | ੧੫ ਚੇਤ MARCH 28 | ੧੬ ਚੇਤ MARCH 29 |
| ੧੭ ਚੇਤ MARCH 30 | ੧੮ ਚੇਤ MARCH 31 | ੧੯ ਚੇਤ APRIL 1 | ੨੦ ਚੇਤ APRIL 2 | ੨੧ ਚੇਤ APRIL 3 | ੨੨ ਚੇਤ APRIL 4 | ੨੩ ਚੇਤ APRIL 5 |
| ੨੪ ਚੇਤ APRIL 6 | ੨੫ ਚੇਤ APRIL 7 | ੨੬ ਚੇਤ APRIL 8 | ੨੭ ਚੇਤ APRIL 9 | ੨੮ ਚੇਤ APRIL 10 | ੨੯ ਚੇਤ APRIL 11 | ੩੦ ਚੇਤ APRIL 12 |

### ਸਿੱਖ ਇਤਿਹਾਸ ਦੇ ਪ੍ਰਮੁੱਖ ਦਿਹਾੜੇ

ਉਤਰਾਧਿਕਾਰ ਦਿਵਸ ਪਾ : ੭ - ੧ ਚੇਤ (14March)

ਜੋਤੀ ਜੋਤ ਪਾ : ੬ - ੬ ਚੇਤ (14March)

ਸ਼ਹੀਦੀ ਦਿਵਸ ਭਾਈ ਸੁਬੇਗ ਸਿੰਘ ਸ਼ਾਹਬਾਜ ਸਿੰਘ - ੧੨ ਚੇਤ (14March)

### International days for humanity

International Day for the Elimination of Racial Discrimination - 21 Mar (੧ ਚੇਤ)

World Poetry Day - 21 Mar (੧ ਚੇਤ)

International Day for Forests and Trees - 21 Mar (੧ ਚੇਤ)

World Water Day - 22 Mar (੧ ਚੇਤ)

International Day for Sport of Development & Peace - 06 Apr (੧ ਚੇਤ)

World Health Day - 07 Apr (੧ ਚੇਤ)

### ਨਾਨਕ ਫਲਸਫੇ (ਗੁਰਮਤਿ) ਨੂੰ ਸਾਜਿਸ਼ / ਅੰਨ੍ਹੀ ਸ਼ਰਧਾ ਹੇਠ ਗੰਧਲੇ (ਮਿਲਗੋਭਾ) ਰੂਪ ਵਿਚ ਪੇਸ਼ ਕਰਦੀਆਂ,'ਸਿੱਖ ਸਾਹਿਤ' ਵਜੋਂ ਪ੍ਰਚਲਿਤ ਕੁਝ ਪੁਰਾਤਨ ਲਿਖਤਾਂ/ਰਚਨਾਵਾਂ

੧. ਜਨਮ ਸਾਖੀਆਂ
੨. ਗੁਰਬਿਲਾਸ (ਪਾ: ੬ ਅਤੇ ੧੦ ਆਦਿ)
੩. ਹੁਕਮਨਾਮੇ
੪. ਬਚਿਤ੍ਰ ਨਾਟਕ (ਸਾਜਿਸ਼ੀ ਨਾਂ ਦਸਮ ਗ੍ਰੰਥ)
੫. ਭਗਤ ਮਾਲ
੬. ਰਹਿਤਨਾਮੇ
੭. ਪੰਥ ਪ੍ਰਕਾਸ਼
੮. ਸੂਰਜ ਪ੍ਰਕਾਸ਼ ਆਦਿ ਆਦਿ........

## ਕੇਂਦਰੀ ਵਿਵਸਥਾ

ਕੇਂਦਰੀ ਤੌਰ 'ਤੇ ਗੁਰਮਤਿ ਇਨਕਲਾਬ ਦੇ ਪਾਂਧੀਆਂ ਦੇ ਕਾਫਲੇ ਦੀ ਅਗਵਾਈ ਲਈ ਇਕ ਕੇਂਦਰੀ ਵਿਵਸਥਾ ਦਾ ਹੋਣਾ ਜ਼ਰੂਰੀ ਹੈ, ਜਿਸ ਦੀ ਸਰਪ੍ਰਸਤੀ 'ਗੁਣਤੰਤਰ' ਦੀ ਨੀਂਹ ਤੇ ੨੦-੨੫ ਪਾਹੁਲਧਾਰੀ ਬੁਧੀਜੀਵੀ ਪੰਥਦਰਦੀਆਂ ਦਾ ਇਕ ਪੈਨਲ ਕਰੇ। ਇਸ ਪੈਨਲ ਲਈ ਵੀ ਇਕ ਨਿਸ਼ਚਿਤ ਵਿਧੀ ਵਿਧਾਨ ਗੁਰਮਤਿ ਦੀ ਸੇਧ ਵਿਚ ਹੋਵੇ। ਨਿਸ਼ਚਿਤ ਵਿਧੀ ਵਿਧਾਨ ਦੀ ਸੇਧ ਵਿਚ, ਸਾਰੇ ਕੌਮੀ ਅਦਾਰਿਆਂ ਦੀ ਸੇਵਾ-ਸੰਭਾਲ ਲਈ ਨਿਸ਼ਕਾਮ ਸੇਵਕਾਂ (ਪ੍ਰਬੰਧਕਾਂ) ਦੀ ਨਿਯੁਕਤੀ ਦਾ ਇੰਤਜ਼ਾਮ ਕੀਤਾ ਜਾਵੇ। ਬਜਰ ਕੁਰਹਿਤ ਕਰਨ ਵਾਲਾ ਪ੍ਰਬੰਧਕ ਸੇਵਾ ਤੋਂ ਖਾਰਿਜ ਕੀਤਾ ਜਾਵੇ। ਇਕ ਵਾਰ ਉਹ ਭੁੱਲ ਬਖਸ਼ਾ ਕੇ, ਅੱਗੇ ਤੋਂ ਗਲਤੀ ਨਾ ਦੁਹਰਾਉਣ ਦਾ ਪ੍ਰਣ ਕਰਨ 'ਤੇ ਦੁਬਾਰਾ ਸੇਵਾ ਵਿਚ ਲਿਆ ਜਾ ਸਕਦਾ ਹੈ। ਦੂਜੀ ਵਾਰ ਬਜਰ ਕੁਰਹਿਤ ਕਰਨ ਵਾਲਾ ਪੱਕੇ ਤੌਰ 'ਤੇ ਸੇਵਾ ਤੋਂ ਖਾਰਜ ਕੀਤਾ ਜਾਵੇ।

## ਗੁਰੂ ਦਾ ਪੰਥ

ਗੁਰਮਤਿ ਦੇ ਰਾਹ 'ਤੇ ਤੁਰਨ ਵਾਲੇ ਸੱਜਣਾਂ ਦਾ ਸਮੂਹ ਹੀ ਅਸਲ ਵਿਚ 'ਗੁਰੂ ਦਾ ਪੰਥ' (ਜਾਂ ਸੰਖੇਪ ਵਿਚ ਪੰਥ) ਹੈ। ਇਹ ਪੰਥ ਸਾਰੇ ਫੈਸਲੇ ਗੁਰਮਤਿ ਦੀ ਰੌਸ਼ਨੀ ਵਿਚ ਕਰੇ।

## ਸਾਂਝੇ ਪੁਰਬ

ਸੰਕਲਪ:- ਜ਼ਿਆਦਾ ਗੁਰਪੁਰਬ ਪੰਥਕ ਏਕਤਾ ਨੂੰ ਨੁਕਸਾਨ ਪਹੁੰਚਾਉਂਦੇ ਹਨ, ਕਰਮਕਾਂਡਾਂ ਵਿਚ ਵਾਧਾ ਕਰਦੇ ਹਨ ਅਤੇ ਬਹੁਤ ਵੱਡੇ ਪੱਧਰ 'ਤੇ 'ਧਨ' ਦੀ ਬੇਮੁਹਾਰੀ ਵਰਤੋਂ ਦੇ ਰੂਪ ਵਿਚ ਬਰਬਾਦੀ ਦਾ ਕਾਰਨ ਬਣਦੇ ਹਨ। ਇਕਸਾਰਤਾ ਪੈਦਾ ਕਰਨ ਲਈ ਸਿਰਫ ਤਿੰਨ ਹੀ ਸਾਂਝੇ ਪੁਰਬ ਮਨਾਏ ਜਾਣ।

(੧) ਪਹਿਲਾ ਪੁਰਬ :- ਗੁਰਮਤਿ ਇਨਕਲਾਬ ਪੁਰਬ - ੧੪ ਅਪ੍ਰੈਲ

ਬਾਬਾ ਨਾਨਕ ਜੀ ਸਮੇਤ ਗੁਰਮਤਿ ਇਨਕਲਾਬ ਦੇ ਦੱਸ ਰਹਿਬਰਾਂ ਨੂੰ ਸਮਰਪਿਤ ਸਾਂਝਾ ਪੁਰਬ।

(੨) ਦੂਜਾ ਪੁਰਬ : 'ਸ਼ਬਦ ਗੁਰੂ ਗ੍ਰੰਥ ਸਾਹਿਬ' ਸਥਾਪਨਾ ਦਿਵਸ - ੦੧ ਸਿਤੰਬਰ

ਗੁਰਮਤਿ ਦੇ ਪ੍ਰਮਾਣੀਕ ਸੋਮੇ 'ਸ਼ਬਦ ਗੁਰੂ ਗ੍ਰੰਥ ਸਾਹਿਬ ਜੀ' ਵਿਚ ਸ਼ਾਮਲ ਸਮੁੱਚੇ ਬਾਣੀ ਰਚੈਤਿਆਂ ਨੂੰ ਸਮਰਪਿਤ ਸਾਂਝਾ ਪੁਰਬ।

(੩) ਤੀਜਾ ਪੁਰਬ: ਸ਼ਹੀਦੀ ਪੁਰਬ - ੨੬ ਦਿਸੰਬਰ

ਸੱਚ ਲਈ ਸ਼ਹੀਦ ਹੋਏ ਸਮੂਹ ਸ਼ਹੀਦਾਂ ਨੂੰ ਸਮਰਪਤ ਸਾਂਝਾ ਪੁਰਬ।

(੪) ਇਨ੍ਹਾਂ ਸਾਂਝੇ ਪੁਰਬਾਂ ਨੂੰ ਉਤਸ਼ਾਹ ਅਤੇ ਉਮਾਹ ਨਾਲ ਕੌਮਾਂਤਰੀ ਪੱਧਰ 'ਤੇ ਵੀ ਮਨਾਇਆ ਜਾਵੇ। ਇਨ੍ਹਾਂ ਸਾਂਝੇ ਪੁਰਬਾਂ ਨੂੰ ਗੁਰਮਤਿ ਦੀ ਰੌਸ਼ਨੀ ਵਿਚ ਮਨਾਉਣ ਦੀਆਂ ਸੇਧਾਂ ਕੇਂਦਰੀ ਤੌਰ 'ਤੇ ਜਾਰੀ ਕੀਤੀਆਂ ਜਾਣ।

## ਗੁਰਮਤਿ ਜੀਵਨ ਸੇਧਾਂ ਦੀ ਪੜਚੋਲ / ਸੋਧ

ਇਕ ਨਿਸ਼ਚਿਤ ਸਮੇਂ (੧੦ ਸਾਲ) ਬਾਅਦ ਲੋੜ ਅਨੁਸਾਰ, ਗੁਰਮਤਿ ਦੀ ਰੌਸ਼ਨੀ ਵਿਚ, ਗੁਰਮਤਿ ਜੀਵਨ ਸੇਧਾਂ ਦੇ ਇਸ ਦਸਤਾਵੇਜ਼ ਦੀਆਂ ਮੱਦਾਂ ਦੀ ਪੜਚੋਲ ਉਪਰੰਤ ਸੋਧ ਕੀਤੀ ਜਾ ਸਕਦੀ ਹੈ।

ਨੋਟ : ਇਸ ਦੀ ਅਗਲੀ ਨਿਸ਼ਚਿਤ ਪੜਚੋਲ ੨੦੨੩ ਵਿਚ ਕੀਤੀ ਜਾਵੇਗੀ। ਉਸ ਸਮੇਂ ਤੱਕ ਕੋਈ ਵੀ ਸੱਜਣ ਆਪਣੇ ਸੁਝਾਅ ਭੇਜ ਸਕਦਾ ਹੈ। ਸੁਝਾਅ ਇਸ ਪਤੇ ਤੇ ਭੇਜ ਜਾ ਸਕਦੇ ਹਨ। Email: gurmatguidelines@gmail.com

ਪ੍ਰਕਾਸ਼ਕ : ਤੱਤ ਗੁਰਮਤਿ ਪਰਿਵਾਰ

ਫਿਊਚਰ ਪੈਕ ਹਾਇਰ ਸੈਕੰਡਰੀ ਸਕੂਲ, (ਨਜ਼ਦੀਕ ਏਅਰਪੋਰਟ) ਗਾਡੀਗੜ ਅੱਪਰ, ਜੰਮੂ (ਜੰਮੂ ਅਤੇ ਕਸ਼ਮੀਰ)

www.tattgurmat.org Email: tatgurmat@gmail.com Designed By S.J.Singh